ਮੰਗਲਵਾਰ, 9 ਜੂਨ, 2026
26 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 8

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 9 JUNE, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਇੰਡੀਆ ਗੱਠਜੋੜ ਲੋਕਾਂ ਦੇ ਮੁੱਦੇ ਜ਼ੋਰਦਾਰ ਢੰਗ ਨਾਲ ਉਠਾਏਗਾ

## 25 ਪਾਰਟੀਆਂ ਦੀ ਮੀਟਿੰਗ 'ਚ ਐੱਸ ਆਈ ਆਰ ਨੂੰ ਲੈ ਕੇ ਚੀਫ ਜਸਟਿਸ ਨੂੰ ਪੱਤਰ ਲਿਖਣ ਦਾ ਫੈਸਲਾ ਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ




**ਨਵੀਂ ਦਿੱਲੀ (ਨ ਜ਼ ਸ)**
ਇੰਡੀਆ ਬਲਾਕ ਵਿੱਚ ਸ਼ਾਮਲ 25 ਪਾਰਟੀਆਂ ਦੀ ਸੋਮਵਾਰ ਇੱਥੇ ਹੋਈ ਮੀਟਿੰਗ ਵਿੱਚ ਵੋਟਾਂ ਦੀ ਡੂੰਘੀ ਸੁਧਾਈ (ਐੱਸ ਆਈ ਆਰ) ਨੂੰ ਲੈ ਕੇ ਦੇਸ਼ ਦੇ ਚੀਫ ਜਸਟਿਸ ਨੂੰ ਪੱਤਰ ਲਿਖਣ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ 'ਵੋਟ ਲੁੱਟ' ਅਤੇ ਚੋਣ ਦੁਰਵਿਹਾਰ ਦਾ ਜ਼ਿਕਰ ਕੀਤਾ ਜਾਵੇਗਾ। ਮੀਟਿੰਗ ਤੋਂ ਬਾਅਦ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੱਤਰ ਬਹੁਤ ਜਲਦੀ ਚੀਫ ਜਸਟਿਸ ਨੂੰ ਪਹੁੰਚਾਇਆ ਜਾਵੇਗਾ।

ਖੜਗੇ ਨੇ ਇਹ ਵੀ ਕਿਹਾ ਕਿ ਮੀਟਿੰਗ ਨੇ ਸਰਬਸੰਮਤੀ ਨਾਲ ਕੇਂਦਰੀ ਸਿੱਖਿਆ ਮੰਤਰੀ ਦੇ ਤੁਰੰਤ ਅਸਤੀਫੇ ਦੀ ਮੰਗ ਕਰਨ ਦਾ ਮਤਾ ਵੀ ਪਾਸ ਕੀਤਾ ਹੈ, ਕਿਉਂਕਿ ਨੀਟ ਤੇ ਸੀ ਬੀ ਐੱਸ ਈ ਪ੍ਰੀਖਿਆਵਾਂ ਵਿੱਚ ਹੋਈਆਂ ਗਲਤੀਆਂ ਕਾਰਨ ਲੱਖਾਂ ਵਿਦਿਆਰਥੀਆਂ ਨਾਲ ਧੋਖਾ ਹੋਇਆ ਹੈ। ਖੜਗੇ ਨੇ ਬਲਾਕ ਦੀ ਤੁਰੰਤ ਕਾਰਜ ਯੋਜਨਾ ਦਾ ਵੀ ਵੇਰਵਾ ਦਿੱਤਾ, ਜਿਸ ਵਿੱਚ ਨੌਜਵਾਨਾਂ, ਸੰਸਥਾਗਤ ਅਖੰਡਤਾ ਅਤੇ ਇੱਕ ਨਿਰੰਤਰ ਸਾਂਝੇ ਵਿਰੋਧੀ ਮੋਰਚੇ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਖੜਗੇ ਨੇ ਕਿਹਾ ਕਿ ਗੱਠਜੋੜ ਦੇ ਭਾਈਵਾਲ ਹੁਣ ਰਾਸ਼ਟਰੀ ਰਾਜਨੀਤੀ ਦੀ ਸਮੀਖਿਆ ਕਰਨ ਅਤੇ ਰਣਨੀਤੀ ਦਾ ਤਾਲਮੇਲ ਕਰਨ ਲਈ ਹਰ ਦੋ ਮਹੀਨਿਆਂ ਬਾਅਦ ਮਿਲਣਗੇ। ਅਗਲੀ ਰਸਮੀ ਇੰਡੀਆ ਬਲਾਕ ਮੀਟਿੰਗ 8 ਅਗਸਤ ਨੂੰ ਹੈਦਰਾਬਾਦ ਵਿੱਚ ਹੋਵੇਗੀ।


ਸੋਨੀਆ ਗਾਂਧੀ ਤੇ ਮਮਤਾ ਬੈਨਰਜੀ ਜੱਫੀ ਪਾ ਕੇ ਮਿਲੀਆਂ।

ਮੀਟਿੰਗ ਵਿੱਚ ਫੈਸਲਾ ਹੋਇਆ ਕਿ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਸਾਰੇ ਗੱਠਜੋੜ ਭਾਈਵਾਲ ਆਪੋਜ਼ੀਸ਼ਨ ਦੇ ਆਗੂ ਦੇ ਦਫਤਰ ਵਿੱਚ ਰਣਨੀਤੀ ਘੜਿਆ ਕਰਨਗੇ, ਤਾਂ ਜੋ ਹੁਕਮਰਾਨਾਂ ਵਿਰੁੱਧ ਸਾਂਝਾ ਮੋਰਚਾ ਯਕੀਨੀ ਬਣਾਇਆ ਜਾ ਸਕੇ। ਖੜਗੇ ਦੇ ਦਫਤਰ ਵਿੱਚ ਰੋਜ਼ਾਨਾ ਸਵੇਰ ਦੀਆਂ ਮੀਟਿੰਗਾਂ ਦੇ ਨਾਲ ਤਾਲਮੇਲ ਜਾਰੀ ਰਹੇਗਾ।

ਮੀਟਿੰਗ ਵਿੱਚ ਇੰਡੀਆ ਬਲਾਕ ਦੇ ਆਗੂਆਂ ਨੇ ਗੱਠਜੋੜ ਦੇ ਅੰਦਰ ਏਕਤਾ 'ਤੇ ਜ਼ੋਰ ਦਿੱਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨ ਅਤੇ ਲੋਕਾਂ ਦੀ ਰੋਜ਼ੀ-ਰੋਟੀ ਨਾਲ ਸੰਬੰਧਤ ਮੁੱਦਿਆਂ ਨੂੰ ਹੱਲ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਮੌਜੂਦਾ ਨਾਜ਼ੁਕ ਆਰਥਕ ਸਥਿਤੀ, ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਅਤੇ ਲੋਕਾਂ ਨਾਲ ਸੰਬੰਧਤ ਹੋਰ ਮੁੱਦਿਆਂ 'ਤੇ ਚਰਚਾ ਕਰਨ ਲਈ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾਉਣੀ ਚਾਹੀਦੀ ਹੈ।

ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਆਗੂਆਂ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਤ੍ਰਿਣਮੂਲ ਕਾਂਗਰਸ ਤੋਂ ਮਮਤਾ ਬੈਨਰਜੀ, ਸਮਾਜਵਾਦੀ ਪਾਰਟੀ ਤੋਂ ਅਖਿਲੇਸ਼ ਯਾਦਵ, ਆਰ ਜੇ ਡੀ ਤੋਂ ਤੇਜਸਵੀ ਯਾਦਵ, ਨੈਸ਼ਨਲ ਕਾਨਫਰੰਸ ਤੋਂ ਉਮਰ ਅਬਦੁੱਲਾ, ਪੀ ਡੀ ਪੀ ਤੋਂ ਮਹਿਬੂਬਾ ਮੁਫਤੀ, ਐੱਨ ਸੀ ਪੀ (ਐੱਸ

• ਬਾਕੀ ਸਫਾ 2 'ਤੇ

# ਪੰਜਾਬ ਨੂੰ ਰੇਗਿਸਤਾਨ ਬਣਾਉਣ ਦੀ ਡੂੰਘੀ ਸਾਜ਼ਿਸ਼ : ਧਾਲੀਵਾਲ

## ਐੱਸ ਆਈ ਆਰ ਤਹਿਤ ਵੋਟਾਂ ਕੱਟਣੀਆਂ ਬਰਦਾਸ਼ਤ ਨਹੀਂ ਕਰਾਂਗੇ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**
ਦੇਸ਼ ਦੀ ਆਜ਼ਾਦੀ 'ਚ ਵਿਸ਼ੇਸ਼ ਯੋਗਦਾਨ ਤੇ ਕੁਰਬਾਨੀਆਂ ਦੇਣ ਵਾਲਾ ਸੂਬਾ ਪੰਜਾਬ ਅੱਜ ਕੇਂਦਰ ਤੇ ਸੂਬਾਈ ਸਰਕਾਰਾਂ ਦੀ ਵਿਤਕਰੇਬਾਜ਼ੀ ਦਾ ਸ਼ਿਕਾਰ ਹੋ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਕਿਉਂਕਿ ਇਹ ਧਰਤੀ ਗੁਰੂਆ, ਪੀਰਾਂ ਤੇ ਦੇਸ਼ ਭਗਤਾਂ ਦੀ ਵਿਰਾਸਤ ਹੈ। ਬੇਸ਼ੱਕ ਨਸ਼ਾ, ਬੇਰੁਜ਼ਗਾਰੀ, ਗੈਂਗਸਟਰਵਾਦ ਤੇ ਕਰਜ਼ਾ ਪੰਜਾਬ ਲਈ ਸਰਾਪ ਬਣਿਆ ਹੋਇਆ ਹੈ, ਪ੍ਰੰਤੂ ਕੇਂਦਰ ਦੀ ਮੋਦੀ ਸਰਕਾਰ ਆਪਣੇ ਸਿਆਸੀ ਮੁਫਾਦਾਂ ਤੇ ਹਿੱਤਾਂ ਲਈ ਪੰਜਾਬ ਨੂੰ ਤਬਾਹੀ ਵੱਲ ਧੱਕ ਰਹੀ ਹੈ। ਪਹਿਲਾਂ ਬੀ ਬੀ ਐੱਮ ਬੀ ਤਹਿਤ ਪੰਜਾਬ ਦੇ ਪਾਣੀਆਂ ਨੂੰ ਕੇਂਦਰੀਕਰਨ ਦੇ ਨਾਅਰੇ ਤਹਿਤ ਪੰਜਾਬ ਦੀ ਮੈਂਬਰੀ ਖਤਮ ਕਰਕੇ ਪੰਜਾਬ ਨੂੰ ਰੇਗਿਸਤਾਨ ਬਣਾਉਣ ਦੀ ਡੂੰਘੀ ਸਾਜ਼ਿਸ਼ ਰਚੀ ਗਈ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਮਾਨਸਾ ਵਿਖੇ ਇੱਕ ਵਿਸ਼ਾਲ ਕਨਵੈਨਸ਼ਨ ਮੌਕੇ ਸੰਬੋਧਨ ਕਰਦਿਆਂ ਕੀਤਾ।






ਉਹਨਾ ਅਫਸੋਸ ਜ਼ਾਹਿਰ ਕੀਤਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਬੇਰੁਜ਼ਗਾਰ ਨੌਜਵਾਨਾਂ ਦੀ ਅਵਾਜ਼ ਨੂੰ ਪੁਲਸ ਤੇ ਡੰਡੇ ਦੇ ਜ਼ੋਰ ਨਾਲ ਬੰਦ ਕੀਤਾ ਜਾ ਰਿਹਾ ਹੈ। ਉਹਨਾ ਮਨਰੇਗਾ, ਕਰਜ਼ ਮੁਆਫੀ, ਰੁਜ਼ਗਾਰ ਤੇ ਨਸ਼ਿਆਂ ਦੇ ਮੁੱਦਿਆਂ 'ਤੇ ਲੋਕ ਲਾਮਬੰਦੀ ਦਾ ਸੱਦਾ ਦਿੰਦਿਆਂ ਕਿਹਾ ਕਿ 2027 ਦੀਆਂ ਚੋਣਾਂ ਸਮੇਂ ਅਖੌਤੀ ਇਨਕਲਾਬੀ ਤੇ ਸੰਘੀਆਂ ਖ਼ਿਲਾਫ਼ ਤਿੱਖੇ ਸੰਘਰਸ਼ ਵਿੱਢਣ ਦੀ ਅਪੀਲ ਵੀ ਕੀਤੀ। ਇਸ ਤੋਂ ਇਲਾਵਾ ਵਧ ਰਹੀਆਂ ਗੈਸ, ਤੇਲ, ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਤੱਕ ਸੰਘਰਸ਼ ਨੂੰ ਜਾਰੀ ਰੱਖਣ ਦਾ ਵੀ ਅਹਿਦ ਲਿਆ।

ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਰਾਜਸੱਤਾ 'ਤੇ ਅਸਿੱਧੇ ਤੌਰ 'ਤੇ ਕਬਜ਼ਾ ਕਰਨ ਲਈ ਮੋਦੀ ਸਰਕਾਰ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਨੂੰ ਨਿਸ਼ਾਨਾ ਬਣਾਉਂਦਿਆਂ ਐੱਸ ਆਈ ਆਰ ਦੇ ਬਹਾਨੇ ਵੋਟਾਂ ਕੱਟਣ ਦੀਆਂ ਗੋਂਦਾਂ ਗੁੰਦ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਮਿਊਨਿਸਟ ਆਗੂ ਨੇ ਲੋਕਾਂ ਨੂੰ ਚੇਤਨ ਕਰਦਿਆਂ ਕਿਹਾ ਕਿ ਇੱਕ ਦੇਸ਼ ਇੱਕ ਭਾਸ਼ਾ ਦੇ ਫਿਰਕੂ ਫਾਸ਼ੀਵਾਦੀ ਏਜੰਡੇ 'ਤੇ ਚਲਦਿਆਂ ਰਾਜਾਂ ਦੇ ਅਧਿਕਾਰਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਉਹਨਾ ਕਿਹਾ ਕਿ 11 ਕਰੋੜ ਲੋਕਾਂ ਦੀ ਬੋਲੀ ਪੰਜਾਬੀ ਨੂੰ ਇਸੇ ਫਿਰਕੂ ਏਜੰਡੇ ਤਹਿਤ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ।ਵਿਦਿਅਕ ਅਦਾਰਿਆਂ 'ਚੋਂ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਦੇ ਬਾਂਨ੍ਹਣੂ ਬੰਨ੍ਹੇ ਜਾ ਰਹੇ ਹਨ।

ਕਾਮਰੇਡ ਅਰਸ਼ੀ ਨੇ ਕਿਹਾ ਕਿ 50 ਕਿਲੋਮੀਟਰ ਦੇ ਘੇਰੇ ਅੰਦਰ ਬਾਰਡਰ ਸੁਰੱਖਿਆ ਦਾ ਹਵਾਲਾ ਦੇ ਕੇ ਬੀ ਐੱਸ ਐੱਫ ਰਾਹੀਂ ਪੰਜਾਬ 'ਤੇ ਕੇਂਦਰ ਵੱਲੋਂ ਸਿੱਧੇ ਤੌਰ 'ਤੇ ਕਬਜ਼ਾ ਕਰ ਲਿਆ ਗਿਆ ਹੈ। ਅਜ਼ਾਦੀ ਤੋਂ ਪਹਿਲਾਂ ਹੋਂਦ 'ਚ ਆਈ ਪੰਜਾਬ ਯੂਨੀਵਰਸਿਟੀ ਨੂੰ ਤੁਗਲਕੀ ਫੁਰਮਾਨ ਜਾਰੀ ਕਰਕੇ ਖੋਹਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਲੋਕ ਸੰਘਰਸ਼ ਦੇ ਬਲਬੂਤੇ ਹੀ ਬਚਾਇਆ ਗਿਆ। ਸਮੁੱਚਾ ਪ੍ਰੋਗਰਾਮ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਐਡਵੋਕੇਟ ਕੁਲਵਿੰਦਰ ਉਡਤ ਦੀ ਅਗਵਾਈ ਹੇਠ ਨੇਪਰੇ ਚਾੜ੍ਹਿਆ ਗਿਆ।

ਕਨਵੈਨਸ਼ਨ ਵੇਦ ਪ੍ਰਕਾਸ਼ ਬੁਢਲਾਡਾ, ਗੁਰਮੀਤ ਸਿੰਘ ਜੋਗਾ, ਰੂਪ ਸਿੰਘ ਢਿੱਲੋਂ, ਸੀਤਾਰਾਮ ਗੋਬਿੰਦਪੁਰਾ, ਸਾਧੂ ਸਿੰਘ ਰਾਮਾਨੰਦੀ ਦੇ ਪ੍ਰਧਾਨਗੀ ਮੰਡਲ ਹੇਠ ਹੋਈ। ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਭੀਖੀ, ਜਗਸੀਰ ਰਾਏਕੇ ਐੱਮ ਸੀ, ਮਲਕੀਤ ਮੰਦਰਾਂ, ਰਤਨ ਭੋਲਾ, ਅਰਵਿੰਦਰ ਕੌਰ, ਗੁਰਮੇਲ ਕੌਰ ਸਾਬਕਾ ਐੱਮ ਸੀ, ਮਲਕੀਤ ਸਿੰਘ ਜੋਗਾ, ਚਿਮਨ ਲਾਲ ਕਾਕਾ, ਰਘੂਨਾਥ ਸਿੰਗਲਾ, ਹਰਦਿਆਲ ਸਿੰਘ ਬੁਢਲਾਡਾ, ਰਾਜ ਕੁਮਾਰ ਸ਼ਰਮਾ, ਬਲਵੰਤ ਸਿੰਘ ਫੱਕਰ, ਬੂਟਾ ਸਿੰਘ ਬਰਨਾਲਾ, ਪੂਰਨ ਸਿੰਘ ਸਰਦੂਲਗੜ੍ਹ, ਗੁਰਪਿਆਰ ਸਿੰਘ ਫੱਤਾ, ਕਰਨੈਲ ਸਿੰਘ ਦਾਤੇਵਾਸ, ਗੋਰਾ ਟਾਹਲੀਆਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜੇਤੂ ਮਿਉਂਸਪਲ ਕੌਂਸਲਰਾਂ ਤੋਂ ਇਲਾਵਾ ਚੋਣਾਂ ਦੌਰਾਨ ਜਚਵੀਂ ਲੜਾਈ ਦੇਣ ਵਾਲੇ ਉਮੀਦਵਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ।ਪ੍ਰੋਗਰਾਮ ਉਪਰੰਤ ਸ਼ਹਿਰ 'ਚ ਰੋਸ ਮਾਰਚ ਕੱਢਿਆ ਗਿਆ।ਮੰਚ ਸੰਚਾਲਨ ਦੀ ਭੂਮਿਕਾ ਕੁਲਵਿੰਦਰ ਉੱਡਤ ਵੱਲੋਂ ਬਾਖੂਬੀ ਨਿਭਾਈ ਗਈ।

## ਇਆਲੀ ਅੱਜ ਨਵੀਂ ਪਾਰਟੀ 'ਚ



**ਚੰਡੀਗੜ੍ਹ (ਨ ਜ਼ ਸ) :** ਹਲਕਾ ਦਾਖਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਮੰਗਲਵਾਰ ਇੱਥੇ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਵਿੱਚ ਸ਼ਾਮਲ ਹੋਣਗੇ। ਸਮਾਗਮ ਦੀ ਪ੍ਰਧਾਨਗੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਕਰਨਗੇ, ਕਿਉਂਕਿ 'ਵਾਰਿਸ ਪੰਜਾਬ ਦੇ' ਚੋਣ ਕਮਿਸ਼ਨ ਕੋਲ ਰਜਿਸਟਰਡ ਸਿਆਸੀ ਪਾਰਟੀ ਵਜੋਂ ਦਰਜ ਨਹੀਂ ਹੈ, ਇਸ ਲਈ ਮਨਪ੍ਰੀਤ ਇਆਲੀ 'ਤੇ ਦਲ-ਬਦਲੀ ਕਾਨੂੰਨ ਤਹਿਤ ਵਿਧਾਇਕ ਵਜੋਂ ਅਯੋਗ ਕਰਾਰ ਦਿੱਤੇ ਜਾਣ ਦਾ ਖਤਰਾ ਨਹੀਂ ਹੋਵੇਗਾ। ਹਾਲਾਂਕਿ, ਸ਼੍ਰੋਮਣੀ ਅਕਾਲੀ ਦਲ ਉਨ੍ਹਾ ਨੂੰ ਪਾਰਟੀ ਵਿੱਚੋਂ ਕੱਢ ਸਕਦਾ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਵੀ ਜਥੇਬੰਦੀ ਵਿੱਚ ਸ਼ਾਮਲ ਹੋਣ ਦੀਆਂ ਚਰਚਾਵਾਂ 'ਤੇ ਇਆਲੀ ਨੇ ਕਿਹਾ, "ਅਜੇ ਇੰਤਜ਼ਾਰ ਕਰੋ, ਉਹ ਇਸ ਬਾਰੇ ਸੋਚ ਰਹੇ ਹਨ ਅਤੇ ਉਨ੍ਹਾ ਦੇ ਸ਼ਾਮਲ ਹੋਣ ਦੀਆਂ ਕਾਫੀ ਉਮੀਦਾਂ ਹਨ।"

## ਜ਼ੋਜਿਲਾ ਸੁਰੰਗ ਮੁਕੰਮਲ



**ਲੇਹ (ਨ ਜ਼ ਸ)**-ਦੁਨੀਆ ਦੀ ਸਭ ਤੋਂ ਲੰਬੀ ਸਿੰਗਲ ਟਿਊਬ ਜ਼ੋਜਿਲਾ ਸੁਰੰਗ ਦੇ ਦੋਵਾਂ ਸਿਰਿਆਂ ਨੂੰ ਆਪਸ 'ਚ ਜੋੜਨ ਦੀ ਰਸਮ ਕੇਂਦਰੀ ਸੜਕ ਆਵਾਜਾਈ ਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ 9 ਜੂਨ ਨੂੰ ਨਿਭਾਉਣਗੇ। 13.15 ਕਿੱਲੋਮੀਟਰ ਲੰਬੀ ਜ਼ੋਜਿਲਾ ਸੁਰੰਗ ਜੰਮੂ-ਕਸ਼ਮੀਰ ਅਤੇ ਲੱਦਾਖ 'ਚ ਬਾਲਟਾਲ (ਸੋਨਮਰਗ) ਅਤੇ ਮੀਨਾਮਰਗ (ਦ੍ਰਾਸ ਤੇ ਕਾਰਗਿਲ) ਦੇ ਵਿਚਕਾਰ ਸਥਿਤ ਹੈ, ਜੋ ਦੁਨੀਆ ਦੀ ਸਭ ਤੋਂ ਵੱਧ ਉਚਾਈ 'ਤੇ ਬਣੀ ਸਭ ਤੋਂ ਲੰਬੀ ਸਿੰਗਲ-ਟਿਊਬ, ਦੋਵਾਂ ਪਾਸਿਆਂ ਤੋਂ ਚੱਲਣ ਵਾਲੀ ਸੁਰੰਗ ਹੈ। ਜ਼ੋਜਿਲਾ ਸੁਰੰਗ ਪੂਰੀ ਤਰ੍ਹਾਂ ਚਾਲੂ ਹੋਣ ਤੋਂ ਬਾਅਦ ਸ੍ਰੀਨਗਰ ਤੇ ਲੱਦਾਖ ਵਿਚਕਾਰ ਸਾਲ-ਭਰ ਬੇਰੋਕ ਆਵਾਜਾਈ ਹੋ ਜਾਏਗੀ।

# ਦੇਸ਼ ਭਰ 'ਚ 93 ਪੇਪਰ ਲੀਕ ਹੋਏ, ਸਾਡੇ ਰਾਜ 'ਚ ਇੱਕ ਵੀ ਨਹੀਂ : ਭਗਵੰਤ ਮਾਨ

## 355 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ 355 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜਿਸ ਨਾਲ ਉਨ੍ਹਾ ਦੀ ਸਰਕਾਰ ਦੇ ਗਠਨ ਤੋਂ ਲੈ ਕੇ ਹੁਣ ਤੱਕ ਦਿੱਤੀਆਂ ਗਈਆਂ ਕੁੱਲ ਸਰਕਾਰੀ ਨੌਕਰੀਆਂ ਦੀ ਗਿਣਤੀ 67,037 ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨੀਟ ਵਰਗੀਆਂ ਪੇਪਰ ਲੀਕ ਦੀਆਂ ਘਟਨਾਵਾਂ ਨੇ ਦੇਸ਼ ਭਰ ਦੇ ਨੌਜਵਾਨਾਂ ਦੇ ਵਿਸ਼ਵਾਸ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ 2017 ਤੋਂ ਲੈ ਕੇ ਹੁਣ ਤੱਕ ਦੇਸ਼ ਭਰ ਵਿੱਚ 93 ਪੇਪਰ ਲੀਕ ਹੋਣ ਦੀਆਂ ਰਿਪੋਰਟਾਂ ਹਨ। ਉਨ੍ਹਾ ਕਿਹਾ ਕਿ ਇਸ ਦੇ ਉਲਟ ਪੰਜਾਬ ਵੱਲ ਝਾਤ ਮਾਰੀਏ ਤਾਂ ਸਾਲ 2022 ਤੋਂ ਇੱਕ ਵੀ ਪੇਪਰ ਲੀਕ ਹੋਣ ਦਾ ਮਾਮਲਾ ਸਾਹਮਣੇ ਨਹੀਂ ਆਇਆ।



ਉਨ੍ਹਾ ਹੁਨਰਮੰਦ ਨੌਜਵਾਨਾਂ ਦੀ ਹਿਜਰਤ ਦੇ ਰੁਝਾਨ ਨੂੰ ਪੁੱਠਾ ਗੇੜ ਪੈਣ, 65,000 ਠੇਕਾ ਕਰਮਚਾਰੀਆਂ ਲਈ ਰੈਗੂਲਰ ਨੌਕਰੀ ਦਾ ਰਾਹ ਖੁੱਲ੍ਹਣ, 25 ਨਵੀਂਆਂ ਆਈ ਟੀ ਆਈਜ਼ ਅਤੇ 13 ਮੌਜੂਦਾ ਆਈ ਟੀ ਆਈਜ਼ ਸੰਸਥਾਵਾਂ ਦੇ ਅਪਗ੍ਰੇਡੇਸ਼ਨ ਰਾਹੀਂ ਹੁਨਰ ਵਿਕਾਸ ਵਿੱਚ ਵੱਡੇ ਨਿਵੇਸ਼ ਵੱਲ ਇਸ਼ਾਰਾ ਕਰਦਿਆਂ ਉਨ੍ਹਾ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਦੇਸ਼ ਵਿੱਚ ਰਹਿ ਕੇ ਹੀ ਆਪਣਾ ਭਵਿੱਖ ਬਣਾਉਣ ਵਾਸਤੇ ਉਨ੍ਹਾਂ ਨੂੰ ਵਿਸ਼ਵਾਸ ਨਾਲ ਭਰਨ, ਢੁਕਵੇਂ ਮੌਕੇ ਅਤੇ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹੈ।

ਤਕਨੀਕੀ ਸਿੱਖਿਆ, ਸਹਿਕਾਰਤਾ, ਸਥਾਨਕ ਸਰਕਾਰਾਂ, ਜਲ ਸਪਲਾਈ ਤੇ ਸੈਨੀਟੇਸ਼ਨ, ਪਸ਼ੂ ਪਾਲਣ, ਲੋਕ ਨਿਰਮਾਣ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਹੋਰ ਵਿਭਾਗਾਂ ਵਿੱਚ ਨਵੇਂ ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਪੰਜਾਬ ਸਰਕਾਰ ਦੇ ਸੂਬੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਚੰਗੇ ਸ਼ਾਸਨ ਰਾਹੀਂ ਸਸ਼ਕਤ ਬਣਾਉਣ ਦੇ ਚੱਲ ਰਹੇ ਮਿਸ਼ਨ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ।ਉਨ੍ਹਾ ਕਿਹਾ—2017 ਤੋਂ ਲੈ ਕੇ ਹੁਣ ਤੱਕ ਦੇਸ਼ ਭਰ ਵਿੱਚ ਲਗਭਗ 93 ਪ੍ਰੀਖਿਆ ਪੇਪਰ ਲੀਕ ਹੋਣ ਦੀ ਰਿਪੋਰਟ ਮਿਲੀ ਹੈ। ਨੀਟ ਸਮੇਤ ਪ੍ਰਮੁੱਖ ਪ੍ਰੀਖਿਆਵਾਂ ਨਾਲ ਜੁੜੀਆਂ ਅਜਿਹੀਆਂ ਘਟਨਾਵਾਂ ਨੇ ਲੱਖਾਂ ਨੌਜਵਾਨਾਂ ਨੂੰ ਨਿਰਾਸ਼ ਕੀਤਾ ਹੈ। ਹਾਲਾਂਕਿ, 2022 ਵਿੱਚ ਸਾਡੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਪੰਜਾਬ ਵਿੱਚ ਇੱਕ ਵੀ ਪੇਪਰ ਲੀਕ ਹੋਣ ਦੀ ਘਟਨਾ ਸਾਹਮਣੇ ਨਹੀਂ ਆਈ। ਇਸ ਦਾ ਕਾਰਨ ਇਹ ਹੈ ਕਿ ਸੂਬੇ ਵਿੱਚ ਇੱਕ ਇਮਾਨਦਾਰ ਸਰਕਾਰ ਕੰਮ ਕਰ ਰਹੀ ਹੈ। ਹੋਣਹਾਰ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਅਤੇ ਮਿਹਨਤ ਦੇ ਆਧਾਰ 'ਤੇ ਨੌਕਰੀਆਂ ਅਤੇ ਮੌਕੇ ਮਿਲ ਰਹੇ ਹਨ।

# ਈਰਾਨ ਤੇ ਇਜ਼ਰਾਈਲ ਮਿਜ਼ਾਈਲੋ-ਮਿਜ਼ਾਈਲੀ, ਟਰੰਪ ਪ੍ਰੇਸ਼ਾਨ

**ਦੁਬਈ (ਨ ਜ਼ ਸ)**-ਐਤਵਾਰ ਦੇਰ ਰਾਤ ਇਜ਼ਰਾਈਲ ਤੇ ਈਰਾਨ ਦੇ ਮਿਜ਼ਾਈਲੋ-ਮਿਜ਼ਾਈਲੀ ਹੋਣ ਨਾਲ ਪੱਛਮੀ ਏਸ਼ੀਆ ਵਿੱਚ ਜੰਗ ਮੁੜ ਭੜਕਣ ਦਾ ਖਤਰਾ ਪੈਦਾ ਹੋ ਗਿਆ ਸੀ, ਪਰ ਟਰੰਪ ਦੇ ਕਹਿਣ 'ਤੇ ਈਰਾਨ ਨੇ ਹੋਰ ਹਮਲੇ ਬੰਦ ਕਰ ਦਿੱਤੇ। 8 ਅਪ੍ਰੈਲ ਨੂੰ ਆਰਜ਼ੀ ਜੰਗਬੰਦੀ ਤੋਂ ਬਾਅਦ ਦੋਹਾਂ ਨੇ ਇੱਕ-ਦੂਜੇ 'ਤੇ ਪਹਿਲੀ ਵਾਰ ਮਿਜ਼ਾਈਲਾਂ ਦਾਗੀਆਂ। ਇਸ ਦੌਰਾਨ ਯਮਨ ਵਿੱਚ ਈਰਾਨ ਹਮਾਇਤੀ ਹੂਤੀ ਬਾਗੀਆਂ ਨੇ ਵੀ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ ਅਤੇ ਇਜ਼ਰਾਈਲੀ ਜਹਾਜ਼ਾਂ ਦੇ ਲਾਲ ਸਾਗਰ ਵਿੱਚੋਂ ਲੰਘਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ। ਟਰੰਪ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਈਰਾਨ ਦੇ ਤਾਜ਼ਾ ਮਿਜ਼ਾਈਲ ਹਮਲਿਆਂ ਦਾ ਜਵਾਬ ਨਾ ਦੇਣ ਲਈ ਕਿਹੈ। ਟਰੰਪ ਦਾ ਕਹਿਣਾ ਸੀ ਕਿ ਅਜਿਹਾ ਕਰਨ ਨਾਲ ਪਿਛਲੇ ਤਿੰਨ ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਖਤਮ ਕਰਨ ਲਈ ਹੋ ਰਹੀ ਸ਼ਾਂਤੀ ਗੱਲਬਾਤ ਖਤਰੇ ਵਿੱਚ ਪੈ ਸਕਦੀ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਅਤੇ ਈਰਾਨ ਸਮਝੌਤੇ ਦੇ ਬਹੁਤ ਨੇੜੇ ਹਨ ਅਤੇ ਅਗਲੇ ਕੁਝ ਦਿਨਾਂ (ਸੋਮਵਾਰ, ਮੰਗਲਵਾਰ ਜਾਂ ਬੁੱਧਵਾਰ) ਇਸ 'ਤੇ ਦਸਤਖਤ ਹੋ ਸਕਦੇ ਹਨ। ਉਨ੍ਹਾ ਨੇ ਈਰਾਨ ਨੂੰ ਵੀ ਕਿਹਾ ਕਿ ਉਨ੍ਹਾਂ ਨੇ ਮਿਜ਼ਾਈਲਾਂ ਦਾਗ ਕੇ ਆਪਣਾ 'ਸ਼ੌਕ' ਪੂਰਾ ਕਰ ਲਿਆ ਹੈ, ਹੁਣ ਉਹ ਵਾਪਸ ਗੱਲਬਾਤ ਦੀ ਮੇਜ਼ 'ਤੇ ਆਉਣ ਅਤੇ ਡੀਲ ਪੂਰੀ ਕਰਨ। ਟਰੰਪ ਮੁਤਾਬਕ ਈਰਾਨੀ ਹਮਲੇ ਵਿੱਚ ਕਿਸੇ ਦਾ ਨੁਕਸਾਨ ਨਹੀਂ ਹੋਇਆ ਹੈ, ਇਸ ਲਈ ਇਜ਼ਰਾਈਲ ਨੂੰ ਹੁਣ ਪਲਟਵਾਰ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਇਹ ਸਿਲਸਿਲਾ ਇਵੇਂ ਹੀ ਚੱਲਦਾ ਰਹੇਗਾ। ਟਰੰਪ ਨੇ ਸਾਫ ਸ਼ਬਦਾਂ ਵਿੱਚ ਕਿਹਾ ਹੈ ਕਿ ਅਮਰੀਕਾ ਜੋ ਵੀ ਸਮਝੌਤਾ ਕਰੇਗਾ, ਨੇਤਨਯਾਹੂ ਕੋਲ ਉਸ ਨੂੰ ਮੰਨਣ ਤੋਂ ਇਲਾਵਾ ਕੋਈ ਹੋਰ ਰਾਹ ਨਹੀਂ ਹੋਵੇਗਾ, ਕਿਉਂਕਿ ਸਾਰੇ ਫੈਸਲੇ ਮੈਂ (ਟਰੰਪ) ਲੈਂਦਾ ਹਾਂ। ਟਰੰਪ ਨੇ ਐਤਵਾਰ ਨੂੰ ਬੇਰੂਤ 'ਤੇ ਹੋਏ ਇਜ਼ਰਾਈਲੀ ਹਮਲਿਆਂ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਇਸ ਤੋਂ ਖੁਸ਼ ਨਹੀਂ ਹਨ।

ਇੱਕ ਅਮਰੀਕੀ ਅਧਿਕਾਰੀ ਮੁਤਾਬਕ, ਜਦੋਂ ਟਰੰਪ ਨੇ ਨੇਤਨਯਾਹੂ ਨੂੰ ਫੋਨ ਕਰਕੇ ਹਮਲੇ ਰੋਕਣ ਲਈ ਕਿਹਾ, ਤਾਂ ਪਹਿਲਾਂ ਨੇਤਨਯਾਹੂ ਨੇ ਇਸ ਦਾ ਵਿਰੋਧ ਕੀਤਾ, ਪਰ ਬਾਅਦ ਵਿੱਚ ਉਹ ਅੱਗੇ ਨਾ ਵਧਣ ਲਈ 'ਅੱਧੇ-ਅਧੂਰੇ' ਮਨ ਨਾਲ ਰਾਜ਼ੀ ਹੋ ਗਿਆ। ਇਹ ਫੋਨ ਕਾਲ ਪਿਛਲੇ ਹਫਤੇ ਦੇ ਮੁਕਾਬਲੇ ਕਾਫੀ ਸ਼ਾਂਤ ਸੀ ਅਤੇ ਟਰੰਪ ਨੇ ਨੇਤਨਯਾਹੂ 'ਤੇ ਆਪਣੀ ਆਵਾਜ਼ ਉੱਚੀ ਨਹੀਂ ਕੀਤੀ।

## ਲੋਕ ਸਭਾ ਦੇ 20 ਟੀ ਐੱਮ ਸੀ ਮੈਂਬਰ ਮਮਤਾ ਦਾ ਸਾਥ ਛੱਡਣਗੇ

**ਨਵੀਂ ਦਿੱਲੀ (ਨ ਜ਼ ਸ)**-ਲੋਕ ਸਭਾ ਵਿੱਚ ਟੀ ਐੱਮ ਸੀ ਦੇ 28 ਵਿੱਚੋਂ 20 ਮੈਂਬਰਾਂ ਨੇ ਪਾਰਟੀ ਛੱਡਣ ਅਤੇ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਸੰਸਦੀ ਦਲ ਵਿੱਚ ਰਸਮੀ ਤੌਰ 'ਤੇ ਸ਼ਾਮਲ ਹੋਣ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਟੀ ਐੱਮ ਸੀ ਦੀ ਚੀਫ ਵ੍ਹਿਪ ਕਾਕੋਲੀ ਘੋਸ਼ ਨੇ ਕਿਹਾ ਕਿ ਸੰਸਦ ਮੈਂਬਰਾਂ ਨੇ ਜਨਤਾ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਭਵਿੱਖ ਦਾ ਸਿਆਸੀ ਰਸਤਾ ਐੱਨ ਡੀ ਏ ਦੇ ਅਨੁਕੂਲ ਹੋਣਾ ਚਾਹੀਦਾ ਹੈ।

## ਸ਼ੇਅਰਾਂ 'ਚ ਭਾਰੀ ਗਿਰਾਵਟ

**ਮੁੰਬਈ :** ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਦੇ ਚਲਦਿਆਂ ਸੋਮਵਾਰ ਸੈਂਸੈਕਸ 719.08 ਅੰਕ ਜਾਂ 0.97 ਫੀਸਦੀ ਡਿੱਗ ਕੇ 73,524.26 'ਤੇ ਬੰਦ ਹੋਇਆ। ਇੱਕ ਵਾਰ ਇਹ 924.4 ਅੰਕ ਜਾਂ 1.24 ਫੀਸਦੀ ਡਿੱਗ ਕੇ 73,318.94 'ਤੇ ਆ ਗਿਆ ਸੀ। ਨਿਫਟੀ 243.70 ਅੰਕ ਜਾਂ 1.04 ਫੀਸਦੀ ਘਟ ਕੇ 23,123 'ਤੇ ਬੰਦ ਹੋਇਆ।

## ਫਿਲਪਾਈਨ 'ਚ ਤਕੜਾ ਭੁਚਾਲ



**ਮਨੀਲਾ :** ਦੱਖਣੀ ਫਿਲਪਾਈਨ ਦੇ ਮਿੰਡਾਨਾਓ ਟਾਪੂ ਨੇੜੇ ਸੋਮਵਾਰ 7.8 ਸ਼ਿੱਦਤ ਦੇ ਸ਼ਕਤੀਸ਼ਾਲੀ ਭੁਚਾਲ ਕਾਰਨ ਘੱਟੋ-ਘੱਟ 32 ਲੋਕਾਂ ਦੀ ਮੌਤ ਹੋਣ ਦਾ ਖਦਸ਼ਾ ਹੈ ਅਤੇ ਦਰਜਨਾਂ ਲੋਕ ਜ਼ਖਮੀ ਹੋਏ ਹਨ।

ਭੁਚਾਲ ਸਵੇਰੇ ਸਾਰੰਗਾਨੀ ਸੂਬੇ ਤੋਂ ਲਗਭਗ 20 ਕਿਲੋਮੀਟਰ ਦੂਰ ਸਮੁੰਦਰ ਵਿੱਚ ਆਇਆ, ਜਿਸ ਦੇ ਝਟਕੇ ਪੂਰੇ ਮਿੰਡਾਨਾਓ ਅਤੇ ਇੰਡੋਨੇਸ਼ੀਆ ਦੇ ਸੁਲਾਵੇਸੀ ਟਾਪੂ ਤੱਕ ਮਹਿਸੂਸ ਕੀਤੇ ਗਏ।

## ਅੱਜ-ਨਾਮਾ

ਵਿਰੋਧੀ ਧਿਰਾਂ ਨੇ ਆਖਰ ਤਾਂ ਕਰੀ ਬੈਠਕ,
ਮੁੱਦਿਆਂ ਕਈਆਂ ਦੀ ਕਰੀ ਵਿਚਾਰ ਬੇਲੀ।
ਕਾਂਗਰਸ ਬੈਠੀ ਸੀ ਮੀਟਿੰਗ ਦੇ ਧੁਰੇ ਵਾਂਗੂ,
ਧਿਰਾਂ ਦੀ ਲੰਮੀ ਅੱਜ ਬਹੁਤ ਕਤਾਰ ਬੇਲੀ।
ਮਮਤਾ ਬੈਨਰਜੀ ਬੰਗਾਲ ਦੀ ਆਈ ਆਗੂ,
ਆ ਗਈ ਐਤਕੀਂ ਸਾਰਾ ਕੁਝ ਹਾਰ ਬੇਲੀ।
ਕਿਸੇ ਨੇ ਪਰਸੋਂ ਪਰ ਕਿਸੇ ਨੇ ਕੱਲ੍ਹ ਖਾਧੀ,
ਧਿਰਾਂ ਬੱਸ ਸਾਰੀਆਂ ਨੇ ਖਾਧੀ ਮਾਰ ਬੇਲੀ।
ਵਹਿਮ ਵਡੱਪਣ ਦਾ ਬੜਾ ਸੀ ਸਾਰਿਆਂ ਨੂੰ,
ਸਾਰੀਆਂ ਧਿਰਾਂ ਦਾ ਚੁੱਕਾ ਜਦ ਲਹਿ ਬੇਲੀ।
ਹੋ ਕੇ ਇੱਕੋ ਜਿਹੇ ਬੈਠਕ ਹਨ ਕਰਨ ਬੈਠੇ,
ਏਜੰਡਾ ਏਕੇ ਲਈ ਗਿਆ ਈ ਰਹਿ ਬੇਲੀ।

-ਤੀਸ ਮਾਰ ਖਾਂ

# ਬਰਕਤ ਉੱਲਾ ਯੂਨੀਵਰਸਿਟੀ ਦਾ ਨਾਂਅ ਬਦਲਣ ਦਾ ਤਿੱਖਾ ਵਿਰੋਧ

**ਜਲੰਧਰ (ਕੇਸਰ)**
ਬਰਕਤ ਉੱਲਾ ਯੂਨੀਵਰਸਿਟੀ ਭੂਪਾਲ, ਮੱਧ ਪ੍ਰਦੇਸ਼ ਦਾ ਨਾਂਅ ਬਦਲਣ ਲਈ ਯੂਨੀਵਰਸਿਟੀ ਦੀ ਐਗਜ਼ੈਕਟਿਵ ਕੌਂਸਲ ਵੱਲੋਂ ਪਾਸ ਕੀਤੇ ਮਤੇ ਦੀ ਸਖ਼ਤ ਨਿੰਦਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਬਿਆਨ 'ਚ ਕਿਹਾ ਕਿ ਸਾਡੇ ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਅੰਦਰ ਵਿਲੱਖਣ, ਇਨਕਲਾਬੀ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੇ ਬਾਨੀਆਂ ਦੀ ਸਿਰਮੌਰ ਟੀਮ ਵਿੱਚ ਮੀਤ ਪ੍ਰਧਾਨ ਦੀਆਂ ਸੇਵਾਵਾਂ ਅਦਾ ਕਰਨ ਵਾਲੇ ਪ੍ਰੋ. ਬਰਕਤ ਉੱਲਾ ਦੇ ਨਾਂਅ 'ਤੇ 1984 ਤੋਂ ਚਲੀ ਆਉਂਦੀ ਯੂਨੀਵਰਸਿਟੀ ਦਾ ਨਾਂਅ ਬਦਲਣ ਦਾ ਪ੍ਰਸਤਾਵ ਲਿਆਉਣਾ ਹੀ ਆਪਣੇ ਆਪ 'ਚ ਗ਼ਦਰ ਲਹਿਰ ਅਤੇ ਸਮੁੱਚੇ ਆਜ਼ਾਦੀ ਸੰਗਰਾਮ ਦੀ ਤੌਹੀਨ ਕਰਨਾ ਹੈ, ਜਿਸ ਖ਼ਿਲਾਫ਼ ਦੇਸ਼-ਬਦੇਸ਼ ਅੰਦਰ ਜ਼ਬਰਦਸਤ ਵਿਰੋਧ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਦਾ ਵਿਚਾਰ ਹੈ ਕਿ ਇਹ ਮਹਿਜ਼ ਯੂਨੀਵਰਸਿਟੀ ਦੀ ਐਗਜ਼ੈਕਟਿਵ ਕੌਂਸਲ ਨੂੰ ਹੀ ਫੁਰਿਆ ਫੁਰਨਾ ਨਹੀਂ, ਸਗੋਂ ਸਾਡੇ ਮੁਲਕ ਅੰਦਰ ਜੋ ਅੰਨ੍ਹੀ ਦੌੜ ਆਰ ਐੱਸ ਐੱਸ ਦੇ ਇਸ਼ਾਰਿਆਂ 'ਤੇ ਮੋਦੀ-ਅਮਿਤ ਸ਼ਾਹ ਦੀ ਭਾਜਪਾ ਹਕੂਮਤ ਦੌੜ ਰਹੀ ਹੈ, ਇਹ ਉਸ ਦੇ ਵਿਸਥਾਰਤ ਏਜੰਡੇ ਦੀ ਲੜੀ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਜੇਕਰ ਇਨ੍ਹਾਂ ਕਦਮਾਂ ਨੂੰ ਠੱਲ੍ਹ ਪਾਉਣ ਲਈ ਬੁੱਧੀਜੀਵੀ, ਅਧਿਆਪਕ, ਵਿਦਿਆਰਥੀ, ਸਮਾਜ ਹਿਤੈਸ਼ੀ ਧੜੱਲੇ ਨਾਲ ਆਵਾਜ਼ ਬੁਲੰਦ ਕਰਨ ਲਈ ਅੱਗੇ ਨਾ ਆਏ ਤਾਂ ਭਵਿੱਖ ਵਿੱਚ ਅਜਿਹੇ ਕਦਮਾਂ ਦੀ ਭਰਮਾਰ ਆਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਆਪਣੇ ਖ਼ਦਸ਼ਿਆਂ ਦੀ ਪ੍ਰਮਾਣਿਕਤਾ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਕਦੇ ਕਾਕੋਰੀ ਕਾਂਡ ਦੇ ਅਮਰ ਸ਼ਹੀਦਾਂ ਦੇ ਬੁੱਤ ਤੋੜਨਾ, ਕਦੇ ਜਲ੍ਹਿਆਂ ਵਾਲੇ ਬਾਗ਼ ਵਰਗੀ ਕੌਮੀ ਇਬਾਦਤਗਾਹ ਦਾ ਹੁਲੀਆ ਵਿਗਾੜ ਕੇ ਬਾਗ਼ ਦੇ ਮੌਲਿਕ ਇਤਿਹਾਸਕ ਮੁਹਾਂਦਰੇ ਵਿੱਚ ਖੋਟ ਰਲਾਉਣ ਲਈ ਕਦਮ ਚੁੱਕੇ ਜਾ ਰਹੇ ਹਨ। ਇਉਂ ਹੀ ਭਵਿੱਖ ਵਿੱਚ ਇੱਕ ਤੋਂ ਬਾਅਦ ਦੂਜੀ ਅਜਿਹੀ ਘਟਨਾ ਸਾਡੇ ਬੂਹੇ ਦਸਤਕ ਦੇਵੇਗੀ।




7 ਜੁਲਾਈ 1854 ਨੂੰ ਭੂਪਾਲ ਵਿੱਚ ਜਨਮੇ, ਉੱਚ ਵਿੱਦਿਆ ਹਾਸਲ ਕਰਨ ਲਈ ਬਦੇਸ਼ ਗਏ ਅਤੇ ਅਮਰੀਕਾ ਦੀ ਧਰਤੀ 'ਤੇ ਗਠਿਤ ਹੋਈ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵਰਗਿਆਂ ਨਾਲ਼ ਅਗਲੀ ਕਤਾਰ ਵਿੱਚ ਹੋ ਕੇ ਗ਼ਦਰ ਪਾਰਟੀ 'ਚ ਕੰਮ ਕਰਨ ਵਾਲੇ ਪ੍ਰੋ. ਬਰਕਤ ਉੱਲਾ ਬਾਰੇ ਇਹ ਕਹਿਣਾ ਕਿ 'ਉਹਨਾ ਨੇ ਬਦੇਸ਼ ਵਿੱਚ ਕੰਮ ਕੀਤਾ ਹੋਏਗਾ, ਪਰ ਮੁਲਕ ਦੀ ਆਜ਼ਾਦੀ ਲਹਿਰ ਨਾਲ ਉਹਨਾ ਦਾ ਨਾਂਅ ਜੋੜਨਾ ਠੀਕ ਨਹੀਂ' ਇਹ ਦਰਸਾਉਂਦਾ ਹੈ ਕਿ ਹੋਰ ਜਿੰਨੇ ਵੀ ਆਜ਼ਾਦੀ ਸੰਗਰਾਮ ਦੇ ਪਰਵਾਨੇ ਆਪਣੀ ਤਨ, ਮਨ, ਧਨ ਸਭ ਕੁਝ ਕੁਰਬਾਨ ਕਰ ਗਏ, ਉਹਨਾਂ ਨੂੰ ਬਾਹਰਲੇ ਦੱਸਣ ਵਾਲੀ ਐਨਕ ਨਾਲ ਵੇਖਣਾ ਭਾਜਪਾ ਹਕੂਮਤ ਦੇ ਗਹਿਰੇ ਕੋਝੇ ਮੰਤਵਾਂ ਦੀ ਗਵਾਹੀ ਦਿੰਦਾ ਹੈ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਬਰਕਤ ਉੱਲਾ ਯੂਨੀਵਰਸਿਟੀ ਦਾ ਨਾਂਅ ਬਦਲਣ ਪਿੱਛੇ ਕੰਮ ਕਰਦੇ ਫ਼ਿਰਕੂ ਫਾਸ਼ੀ ਮੰਤਵਾਂ ਨੂੰ ਸਮਝਦੇ ਹੋਏ ਵਿਸ਼ਾਲ ਜਨਤਕ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

## ਸ਼ੋਅਬਾਜ਼ੀ ਮਹਿੰਗੀ ਪਈ



**ਭੋਪਾਲ (ਨ ਜ਼ ਸ) :** ਆਪਣੇ ਲਗਜ਼ਰੀ ਜੀਵਨ ਦੇ ਵੀਡੀਓਜ਼ ਲਈ ਮਸ਼ਹੂਰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਜ਼ਿਲ੍ਹੇ ਦੇ ਮੋਹਾਨੀ ਖਿਆਵਦਾ ਪਿੰਡ ਦੀ ਰਚਨਾ ਗੁਰਜਰ ਨੂੰ ਇਸ ਸ਼ੌਕ ਕਾਰਨ ਭਾਰੀ ਨੁਕਸਾਨ ਝੱਲਣਾ ਪਿਆ ਹੈ। ਸੋਸ਼ਲ ਮੀਡੀਆ 'ਤੇ ਰਚਨਾ ਦੀ ਦੌਲਤ ਦੇਖ ਕੇ ਅਪਰਾਧੀਆਂ ਨੇ ਉਸ ਦੇ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਲਈ। ਚੋਰੀ ਸਾਮਾਨ ਦੀ ਕੀਮਤ 7 ਤੋਂ 8 ਲੱਖ ਰੁਪਏ ਦੱਸੀ ਜਾ ਰਹੀ ਹੈ। ਚੋਰ ਘਰ ਦੀ ਬਾਊਂਡਰੀ 'ਤੇ ਲੱਗੀ ਫੈਂਸਿੰਗ ਕੱਟ ਕੇ ਅੰਦਰ ਵੜੇ ਅਤੇ ਰਚਨਾ ਗੁਰਜਰ ਤੇ ਉਸ ਦੇ ਪਤੀ ਊਦਲ ਸਿੰਘ ਦੇ ਕਮਰੇ ਦੀ ਕੁੰਡੀ ਬਾਹਰੋਂ ਬੰਦ ਕਰ ਦਿੱਤੀ, ਤਾਂ ਜੋ ਉਹ ਬਾਹਰ ਨਾ ਨਿਕਲ ਸਕਣ। ਉਨ੍ਹਾਂ ਸੀ ਸੀ ਟੀ ਵੀ ਕੈਮਰਿਆਂ ਦਾ ਰੁਖ ਉੱਪਰ ਵੱਲ ਮੋੜ ਦਿੱਤਾ। ਚੋਰ ਜਾਂਦੇ-ਜਾਂਦੇ ਲੱਗਭੱਗ 8 ਹਜ਼ਾਰ ਰੁਪਏ ਦੀ ਐਨਰਜੀ ਡਰਿੰਕ ਦੀ ਇੱਕ ਪੇਟੀ ਵੀ ਲੈ ਗਏ। ਰਚਨਾ ਗੁਰਜਰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੇਂਡੂ ਮਾਹੌਲ ਵਿੱਚ ਲਗਜ਼ਰੀ ਲਾਈਫ ਸਟਾਈਲ, ਮਹਿੰਗੇ ਗਹਿਣਿਆਂ ਅਤੇ ਘਰ ਦੀ ਸਜਾਵਟ ਨਾਲ ਜੁੜੇ ਵੀਡੀਓ ਸਾਂਝੇ ਕਰਨ ਲਈ ਜਾਣੀ ਜਾਂਦੀ ਹੈ।

# ਕਟਾਰੂਚੱਕ ਨੇ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਦੀ ਸੇਵਾ ਲਈ ਸਮਰਪਿਤ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ, ਵੱਲੋਂ ਪਿੰਡ ਕਟਾਰੂਚੱਕ ਵਿਖੇ ਬਣਾਈ ਜਾਣ ਵਾਲੀ ਨਵੀਂ ਇਮਾਰਤ ਦਾ ਨੀਂਹ ਪੱਥਰ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਰੱਖਿਆ ਗਿਆ।ਇਸ ਮੌਕੇ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦੇ, ਦਾਨੀ ਸੱਜਣ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਸਮਾਗਮ ਦੌਰਾਨ ਬੋਲਦਿਆਂ ਮੰਤਰੀ ਨੇ ਆਸ਼ਰਮ ਵੱਲੋਂ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਜ਼ੁਰਗਾਂ ਦੀ ਸੰਭਾਲ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਲੋਕਾਂ ਨੂੰ ਅਜਿਹੇ ਭਲਾਈ ਦੇ ਕਾਰਜਾਂ ਵਿੱਚ ਵੱਧ-ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ।ਆਸ਼ਰਮ ਪ੍ਰਬੰਧਕਾਂ ਨੇ ਦੱਸਿਆ ਕਿ ਨਵੀਂ ਇਮਾਰਤ ਦੀ ਉਸਾਰੀ ਨਾਲ ਹੋਰ ਵੱਧ ਬਜ਼ੁਰਗਾਂ ਨੂੰ ਰਹਿਣ ਅਤੇ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ।ਉਨ੍ਹਾਂ ਸਮੂਹ ਸਮਾਜਸੇਵੀ ਸੰਸਥਾਵਾਂ, ਦਾਨੀ ਸੱਜਣਾਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਪੁੰਨ ਦੇ ਕਾਰਜ ਵਿੱਚ ਆਪਣਾ ਯੋਗਦਾਨ ਪਾ ਕੇ ਬਜ਼ੁਰਗਾਂ ਦੀ ਸੇਵਾ ਵਿੱਚ ਸਾਥ ਦੇਣ।ਇਸ ਮੌਕੇ ਮਹਾਤਮਾ ਅਰਵਿੰਦਰ ਦਾਸ ਅਤੇ ਮਹਾਤਮਾ ਗੰਗਾ ਜੀ ਉਦਾਸੀਨ ਅਖਾੜਾ ਘਾਟੀ ਵਾਲੇ ਕੋਟਲਾ ਆਸ਼ਰਮ 32 ਮੀਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਆਸ਼ਰਮ ਪ੍ਰਧਾਨ ਸਤਨਾਮ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਪਰਸਨ ਮੈਡਮ ਗੀਨਾ ਸਰਮਾਲ ਅਤੇ ਸੋਸਾਇਟੀ ਦੇ ਕੋਆਰਡੀਨੇਟਰ ਇੰਦਰਜੀਤ ਕੌਰ, ਭੁਪਿੰਦਰ ਸਿੰਘ ਮੁੰਨਾ, ਵਿਜੇ ਕਟਾਰੂਚੱਕ, ਦਰਸ਼ਨ ਲਾਲ ਚੇਅਰਮੈਨ ਮਾਤਾ ਸਵਿਤਰੀ ਬਾਈ ਫੁਲੇ, ਸਟੇਟ ਐਵਾਰਡੀ ਜੀਤ ਰਾਜ, ਨਵਲਦੀਪ, ਅਸ਼ਵਨੀ ਕੁਮਾਰ, ਸਵਿਤਾ, ਰਮੇਸ਼ ਚੰਦਰ, ਵਿਪਨ ਕੁਮਾਰ, ਮਮਤਾ ਦੇਵੀ ਅਤੇ ਸਰਪੰਚ ਦਲਜੀਤ ਸਿੰਘ ਹਾਜ਼ਰ ਸਨ।

# ਬੇਰੁਜ਼ਗਾਰ ਅਪਰੈਂਟਿਸ ਪਾਸ ਲਾਈਨਮੈਨਾਂ 'ਤੇ ਲਾਠੀਚਾਰਜ ਕਰਨਾ ਅਤਿ ਨਿੰਦਣਯੋਗ : ਪੰਨੂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਟੈਕਨੀਕਲ ਸਰਵਿਸ ਯੂਨੀਅਨ ਰਿਟਾਇਰ ਹੋਏ ਕਰਮਚਾਰੀਆਂ ਦੀ ਜ਼ਰੂਰੀ ਮੀਟਿੰਗ ਫਤਿਹਗੜ੍ਹ ਚੂੜੀਆਂ ਬਿਜਲੀ ਕੰਪਲੈਕਸ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸਾਥੀ ਸਰਬਜੀਤ ਸਿੰਘ ਪੰਨੂ ਨੇ ਕੀਤੀ।ਮੀਟਿੰਗ ਵਿੱਚ ਸੈਂਕੜੇ ਸਾਥੀਆਂ ਨੇ ਹਿੱਸਾ ਲਿਆ।ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਰੁਜ਼ਗਾਰ ਮੰਗਦੇ ਬੇਰੁਜ਼ਗਾਰ ਅਪਰੈਂਟਿਸ ਪਾਸ ਲਾਈਨਮੈਨਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕਰਨ ਦੀ ਕਰੜੇ ਸ਼ਬਦਾਂ ਵਿੱਚ ਪੁਰਜ਼ੋਰ ਨਿੰਦਾ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਅੰਨ੍ਹੇਵਾਹ ਲਾਠੀਚਾਰਜ ਕਰਨ ਵਾਲੇ ਡੀਐੱਸਪੀ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਸਾਥੀ ਅਮਰਜੀਤ ਸਿੰਘ ਸਰਕਾਰੀਆ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਮੁਲਾਜ਼ਮਾਂ ਉੱਪਰ ਲਾਠੀਚਾਰਜ ਕਰਨ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ।ਇਸ ਲਈ ਇਹ ਵੀ ਵਰਣਨਯੋਗ ਹੈ ਕਿ ਬਿਜਲੀ ਬੋਰਡ ਅੰਦਰ 72 ਹਜ਼ਾਰ ਅਸਾਮੀਆਂ ਮਨਜ਼ੂਰ ਹਨ ਜਦਕਿ 28 ਹਜ਼ਾਰ ਕਰਮਚਾਰੀ ਹੀ ਕੰਮ ਕਰਦੇ ਹਨ। ਇੰਨੇ ਘੱਟ ਮੁਲਾਜ਼ਮ ਦਿਨ ਰਾਤ ਬਹੁਤ ਹੀ ਔਖੇ ਹਾਲਾਤ ਵਿੱਚ ਆਪਣੀ ਡਿਊਟੀ ਕਰ ਰਹੇ ਹਨ।ਵਰਕਲੋਡ ਜ਼ਿਆਦਾ ਹੋਣ ਕਾਰਨ ਬਹੁਤ ਸਾਰੇ ਮੁਲਾਜ਼ਮ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।26000 ਦੇ ਕਰੀਬ ਅਪਰੈਂਟਿਸ ਪਾਸ ਬੱਚੇ, ਬੱਚਿਆਂ ਨੂੰ ਤੁਰੰਤ ਬਿਜਲੀ ਬੋਰਡ ਵਿੱਚ ਭਰਤੀ ਕੀਤਾ ਜਾਵੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਲਾਲ ਸਿੰਘ, ਪਰਮਜੀਤ ਸਿੰਘ ਪੰਡੋਰੀ, ਮਲਕੀਤ ਸਿੰਘ ਈਸਾਪੁਰ, ਦਲਬੀਰ ਸਿੰਘ ਪੰਨੂ, ਕਵਲਜੀਤ ਸਿੰਘ ਜੌਹਲ, ਹਰਦੇਵ ਸਿੰਘ ਜੇ ਈ, ਜਗਦੀਸ਼ ਸਿੰਘ ਚਮਿਆਰੀ, ਦਲਬੀਰ ਸਿੰਘ ਡੋਗਰ, ਪ੍ਰਤਾਪ ਸਿੰਘ ਆਲੂਣਾ, ਸਤਨਾਮ ਸਿੰਘ ਝੰਜੀਆਂ, ਨਿਸ਼ਾਨ ਸਿੰਘ ਚੱਠਾ, ਬਾਬਾ ਦਿਲਬਾਗ ਸਿੰਘ, ਕਸ਼ਮੀਰ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।



# ਹੜ੍ਹਾਂ ਕਾਰਨ ਸਰਹੱਦੀ ਖੇਤਰ ਦੀਆਂ ਟੁੱਟੀਆਂ ਸੜਕਾਂ ਦੀ ਸਰਕਾਰ ਨਹੀਂ ਲੈ ਰਹੀ ਸਾਰ ; ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)** ਪਿਛਲੇ ਸਮੇਂ ਦੌਰਾਨ ਦਰਿਆ ਰਾਵੀ ਵਿਚ ਆਏ ਹੜ੍ਹ ਦੇ ਕਾਰਨ ਸਰਹੱਦੀ ਖੇਤਰ ਦੇ ਲੋਕਾਂ ਦਾ ਜਿੱਥੇ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਸੀ ਉਥੇ ਹੀ ਇਲਾਕੇ ਦੀਆਂ ਸੜਕਾਂ ਵੀ ਬੁਰੀ ਤਰ੍ਹਾਂ ਨਾਲ ਟੁੱਟ ਭੱਜ ਅਤੇ ਰੁੜ੍ਹ ਗਈਆਂ ਸਨ। ਇਨ੍ਹਾਂ ਸੜਕਾਂ ਦੀ ਸਾਰ ਸਰਕਾਰ ਵੱਲੋਂ ਅਜੇ ਤੀਕ ਕੋਈ ਸਾਰ ਨਾ ਲੈਣ ਕਾਰਨ ਲੋਕਾਂ 'ਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸਰਹੱਦੀ ਖੇਤਰ ਦੇ ਲੋਕਾਂ ਨੇ ਦੱਸਿਆ ਕਿ ਦਰਿਆ ਰਾਵੀ ਵਿਚ ਹੜ੍ਹ ਆਉਣ ਨਾਲ ਧੁੱਸੀ ਬੰਨ ਕਈ ਜਗ੍ਹਾ ਤੋਂ ਟੁੱਟਣ ਕਾਰਨ ਉਨ੍ਹਾਂ ਜਿਥੇ ਬਹੁਤ ਜ਼ਿਆਦਾ ਮਾਲੀ ਨੁਕਸਾਨ ਹੋਇਆ ਸੀ ਉੱਥੇ ਹੀ ਇਲਾਕੇ ਦੀਆਂ ਸਾਰੀਆਂ ਸੜਕਾਂ ਬੁਰੀ ਤਰ੍ਹਾਂ ਟੁੱਟ ਗਈਆਂ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਰਾਹੀਂ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਆਪਣੇ ਕੰਮਕਾਜ ਲਈ ਆਉਂਦੇ-ਜਾਂਦੇ ਹਨ। ਰੋਜ਼ਾਨਾ ਸਕੂਲੀ ਬੱਚਿਆਂ ਦੀਆਂ ਬੱਸਾਂ ਇਨ੍ਹਾਂ ਖਸਤਾ ਹਾਲਤ ਸੜਕਾਂ ਤੋਂ ਬੜੀ ਮੁਸ਼ਕਿਲ ਨਾਲ ਲੰਘਦੀਆਂ ਹਨ ਤੇ ਕਈ ਵਾਰ ਹਾਦਸਿਆਂ ਦਾ ਸ਼ਿਕਾਰ ਵੀ ਹੋ ਜਾਂਦੀਆਂ ਹਨ। ਸੜਕਾਂ ਵਿਚਕਾਰ ਡੂੰਘੇ-ਡੂੰਘੇ ਖੱਡੇ ਪੈ ਚੁੱਕੇ ਹਨ ਜਿਨ੍ਹਾਂ ਵਿੱਚੋਂ ਦੋਪਹੀਆ ਵਾਹਨ ਚਾਲਕਾਂ ਦਾ ਲੰਘਣਾ ਬੇਹੱਦ ਔਖਾ ਹੋਇਆ ਪਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਸੜਕਾਂ ਦੇ ਕੰਢੇ ਵੀ ਬੁਰੀ ਤਰ੍ਹਾਂ ਨਾਲ ਰੁੜ੍ਹ ਚੁੱਕੇ ਹਨ ਜੋ ਹਨੇਰੇ ਵਿੱਚ ਬਿਲਕੁਲ ਵੀ ਦਿਖਾਈ ਨਹੀਂ ਦਿੰਦੇ ਅਤੇ ਜੇਕਰ ਕੋਈ ਅਣਜਾਣ ਵਾਹਨ ਚਾਲਕ ਇਨ੍ਹਾਂ ਸੜਕਾਂ ਉੱਤੋਂ ਗੁਜ਼ਰਦੇ ਹਨ ਤਾਂ ਉਹ ਸੜਕਾਂ ਦੇ ਕੰਢੇ ਨਾ ਹੋਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਬਹਿਰਾਮਪੁਰ ਤੋਂ ਗਾਹਲੜੀ ਨੂੰ ਜਾਣ ਵਾਲੀ ਸੜਕ, ਝਬਕਰੇ ਤੋਂ ਠੱਠੀ, ਫਰੀਦਕੋਟ ਨੂੰ ਜਾਣ ਵਾਲੀ ਸੜਕ, ਠੱਠੀ ਪਿੰਡ ਤੋਂ ਸੁੰਦਰਪੁਰ ਨੂੰ ਜਾਣ ਵਾਲੀ ਸੜਕ, ਪਿੰਡ ਨਰਾਇਣੇ ਤੋਂ ਦੋਰਾਂਗਲਾਂ ਨੂੰ ਜਾਣ ਵਾਲੀ ਸੜਕ ਅਤੇ ਟੋਟੇ ਤੋਂ ਦੋਰਾਂਗਲਾਂ ਨੂੰ ਜਾਣ ਵਾਲੀ ਸੜਕ ਤੋਂ ਇਲਾਵਾ ਹੋਰ ਵੀ ਅਨੇਕਾਂ ਸੜਕਾਂ ਜੋ ਸਰਹੱਦੀ ਖੇਤਰ ਨਾਲ ਜੁੜੀਆਂ ਹੋਈਆਂ ਹਨ, ਦੀ ਹਾਲਤ ਬੇਹੱਦ ਮਾੜੀ ਹੋ ਚੁੱਕੀ ਹੈ। ਲੋਕਾਂ ਨੇ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਮੰਤਰੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਵਿਸ਼ੇਸ਼ ਬਜਟ ਤਿਆਰ ਕਰਕੇ ਸਰਹੱਦੀ ਖੇਤਰ ਅੰਦਰ ਹੜ੍ਹਾਂ ਦੌਰਾਨ ਨੁਕਸਾਨੀਆਂ ਗਈਆਂ ਸੜਕਾਂ ਦੀ ਪਹਿਲ ਦੇ ਆਧਾਰ 'ਤੇ ਮੁਰੰਮਤ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਆ ਰਹੀ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।



# ਸੱਤਾ ਸਾਡੇ ਲਈ ਸੇਵਾ ਦਾ ਮਾਧਿਅਮ : ਨਾਇਬ ਸਿੰਘ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੱਤਾ ਸਾਡੇ ਲਈ ਸੁਖ ਭੋਗਣ ਦਾ ਸਾਧਨ ਨਹੀਂ, ਸਗੋਂ ਸੇਵਾ ਦਾ ਮਾਧਿਅਮ ਹੈ। ਪਿਛਲੀਆਂ ਸਰਕਾਰਾਂ ਵੱਲੋਂ ਦੱਖਣੀ ਹਰਿਆਣਾ ਨਾਲ ਕੀਤੇ ਗਏ ਵਿਤਕਰੇ ਨੂੰ ਮੌਜੂਦਾ ਸਰਕਾਰ ਨੇ ਖ਼ਤਮ ਕੀਤਾ ਹੈ। ਰਾਜ ਸਰਕਾਰ ਨੇ ਵਿਕਾਸ ਕਾਰਜਾਂ ਵਿੱਚ ਖੇਤਰੀ ਅਸਮਾਨਤਾ ਨੂੰ ਦੂਰ ਕਰਦੇ ਹੋਏ 'ਹਰਿਆਣਾ ਏਕ-ਹਰਿਆਣਵੀ ਏਕ' ਦੀ ਭਾਵਨਾ ਨੂੰ ਵਿਹਾਰਕ ਰੂਪ ਵਿੱਚ ਲਾਗੂ ਕੀਤਾ ਹੈ।ਮੁੱਖ ਮੰਤਰੀ ਨਾਰਨੌਲ ਵਿੱਚ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦੇ ਉਦਘਾਟਨ ਸਮਾਰੋਹ ਦੌਰਾਨ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪਾਰਟੀ ਦਾ ਝੰਡਾ ਲਹਿਰਾਇਆ ਅਤੇ ਹਵਨ ਯੱਗ ਵਿੱਚ ਆਹੂਤੀ ਦਿੱਤੀ। ਸਮਾਰੋਹ ਦੀ ਅਗਵਾਈ ਭਾਜਪਾ ਪ੍ਰਦੇਸ਼ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਕੀਤੀ।ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਹਿੰਦਰਗੜ੍ਹ ਦੇ ਵਿਕਾਸ 'ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਨਾਰਨੌਲ ਅਤੇ ਮਹਿੰਦਰਗੜ੍ਹ ਖੇਤਰ ਵਿੱਚ ਸੜਕ ਸੰਪਰਕ ਵਿਵਸਥਾ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਖੇਤਰ ਵਿੱਚ ਲੌਜਿਸਟਿਕ ਹੱਬ ਸਮੇਤ ਕਈ ਵਿਕਾਸ ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ, ਜਿਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਅਵਸਰ ਪੈਦਾ ਹੋਣਗੇ। ਇਸ ਦੇ ਨਾਲ ਹੀ ਲੰਬੇ ਸਮੇਂ ਤੋਂ ਬਣੀ ਹੋਈ ਪਾਣੀ ਦੀ ਸਮੱਸਿਆ ਦੇ ਹੱਲ ਲਈ ਨਹਿਰਾਂ ਦੇ ਆਖਰੀ ਟੇਲ ਤੱਕ ਪਾਣੀ ਪਹੁੰਚਾਉਣ ਦੇ ਯਤਨ ਕੀਤੇ ਗਏ ਹਨ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਾਰਟੀ ਵਰਕਰਾਂ ਦੇ ਸੰਘਰਸ਼ ਦਾ ਵਰਨਣ ਕਰਦੇ ਹੋਏ ਕਿਹਾ ਕਿ ਨਵੇਂ ਸੰਗਠਨਾਤਮਕ ਕੇਂਦਰ ਦਾ ਉਦਘਾਟਨ ਉਨ੍ਹਾਂ ਲਈ ਮਾਣ ਅਤੇ ਪ੍ਰਸੰਨਤਾ ਦਾ ਵਿਸ਼ਾ ਹੈ।

# ਆਰਗੈਨਿਕ ਕਾਰਬਨ ਐਨਾਲਿਸਿਸ ਕਿੱਟ ਖਰੀਦੇਗੀ ਰਾਜ ਸਰਕਾਰ : ਰਾਣਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੀ ਭੂਮੀ ਨੂੰ ਬੰਜਰ ਹੋਣ ਤੋਂ ਬਚਾਉਣ ਅਤੇ ਕਿਸਾਨਾਂ ਨੂੰ ਵੱਧ ਖੁਸ਼ਹਾਲ ਬਣਾਉਣ ਦੀ ਦਿਸ਼ਾ ਵਿੱਚ ਰਾਜ ਸਰਕਾਰ ਨੇ ਇੱਕ ਵੱਡਾ ਅਤੇ ਦੂਰਗਾਮੀ ਫੈਸਲਾ ਲਿਆ ਹੈ, ਜਿਸ ਦੇ ਤਹਿਤ ਪ੍ਰਦੇਸ਼ ਵਿੱਚ ਆਰਗੈਨਿਕ ਕਾਰਬਨ ਐਨਾਲਿਸਿਸ ਕਿੱਟਾਂ ਖਰੀਦੀਆਂ ਜਾਣਗੀਆਂ ਤਾਂ ਜੋ ਹੁਣ ਸਹੀ ਰੂਪ ਵਿੱਚ ਇਹ ਪਤਾ ਚੱਲ ਸਕੇ ਕਿ ਕਿਸਾਨ ਦੇ ਕਿਸ ਖੇਤ ਵਿੱਚ ਕਿੰਨਾ ਆਰਗੈਨਿਕ ਕਾਰਬਨ ਮੌਜੂਦ ਹੈ।ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਜ ਸਰਕਾਰ ਦੀ ਇਸ ਵਿਸ਼ੇਸ਼ ਮੁਹਿੰਮ ਦਾ ਮੁੱਖ ਉਦੇਸ਼ ਖੇਤਾਂ ਦੀ ਸਿਹਤ ਨੂੰ ਸੁਧਾਰਨਾ ਅਤੇ ਜ਼ਮੀਨ ਨੂੰ ਬੰਜਰ ਹੋਣ ਤੋਂ ਰੋਕਣਾ ਹੈ।

# ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਮੀਤ ਕੌਰ ਪਤਨੀ ਮੇਜਰ ਸਿੰਘ ਵਾਸੀ ਨਡਾਲਾ ਨੇ ਦੱਸਿਆ ਕਿ 7 ਜੂਨ ਨੂੰ ਉਹ ਆਪਣੇ ਲੜਕੇ ਗੁਰਨਾਮ ਸਿੰਘ ਜੋ ਆਪਣੀ ਜ਼ਮੀਨ ਵਿਚ ਫਸਲ ਨੂੰ ਪਾਣੀ ਲਗਾ ਰਿਹਾ ਸੀ, ਨੂੰ ਚਾਹ ਲੈ ਕੇ ਗਈ ਸੀ ਕਿ ਪਹਿਲਾਂ ਤੋਂ ਉਥੇ ਮੌਜੂਦ ਬਲਕਾਰ ਸਿੰਘ, ਅਵਤਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਨਡਾਲਾ ਜਿਨ੍ਹਾਂ ਦੀ ਜ਼ਮੀਨ ਉਨ੍ਹਾਂ ਦੀ ਜ਼ਮੀਨ ਨਾਲ ਲੱਗਦੀ ਹੈ, ਜਿਨ੍ਹਾਂ ਨੇ ਦਸਤੀ ਕਹੀ ਦਾ ਵਾਰ ਗੁਰਨਾਮ ਸਿੰਘ 'ਤੇ ਕੀਤਾ ਤਾਂ ਮੈਂ ਅੱਗੇ ਹੋ ਕੇ ਆਪਣੇ ਲੜਕੇ ਦਾ ਬਚਾਅ ਕੀਤਾ ਤਾਂ ਉਨ੍ਹਾਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜ਼ਖਮੀ ਕਰ ਦਿੱਤਾ। ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਓਪਨ ਸਟੇਟ ਕਰਾਟੇ ਚੈਂਪੀਅਨਸ਼ਿਪ-2026 'ਚ ਜੈਸਮੀਨ ਕੌਰ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਦੀ ਹੋਣਹਾਰ ਵਿਦਿਆਰਥਣ ਜੈਸਮਿਨ ਕੌਰ ਨੇ ਪੰਜਾਬ ਸ਼ੋਤੋਕਾਨ ਕਰਾਟੇ ਆਰਗੇਨਾਈਜ਼ੇਸ਼ਨ ਵੱਲੋਂ ਅੰਮ੍ਰਿਤਸਰ ਵਿਖੇ ਕਰਵਾਈ ਗਈ ਓਪਨ ਸਟੇਟ ਕਰਾਟੇ ਚੈਂਪੀਅਨਸ਼ਿਪ-2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 13 ਸਾਲਾ ਉਮਰ ਵਰਗ ਦੇ ਮੁਕਾਬਲਿਆਂ ਵਿੱਚ ਤੀਜਾ ਸਥਾਨ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ। ਸਖ਼ਤ ਮੁਕਾਬਲਿਆਂ ਦੌਰਾਨ ਜੈਸਮੀਨ ਕੌਰ ਸਪੁੱਤਰੀ ਕਰਨੈਲ ਸਿੰਘ ਜਮਾਤ ਅੱਠਵੀਂ ਨੇ ਆਪਣੀ ਮਿਹਨਤ ਅਤੇ ਕੋਚ ਸ. ਗੁਰਪ੍ਰੀਤ ਰੋਜ਼ੀ ਦੀ ਸਹੀ ਸੇਧ ਸਦਕਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਪ੍ਰਾਪਤ ਕਰਕੇ ਟਰਾਫੀ, ਮੈਡਲ ਅਤੇ ਸਰਟੀਫਿਕੇਟ ਹਾਸਲ ਕੀਤਾ।ਜੈਸਮੀਨ ਕੌਰ ਦੀ ਇਸ ਉਪਲਬਧੀ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ।ਸਕੂਲ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਨੇ ਜੈਸਮੀਨ ਕੌਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀਆਂ ਅਜਿਹੀਆਂ ਪ੍ਰਾਪਤੀਆਂ ਸੰਸਥਾ ਲਈ ਮਾਣ ਵਾਲੀ ਗੱਲ ਹਨ। ਪ੍ਰਿੰਸੀਪਲ ਮਨੀਸ਼ਾ ਸੂਦ ਨੇ ਵੀ ਜੈਸਮਿਨ ਕੌਰ ਦੀ ਪ੍ਰਾਪਤੀ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੈਸਮੀਨ ਦੀ ਇਹ ਸਫਲਤਾ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ।



# ਬੀਬੀ ਵੀਰੋ ਜੀ ਦੇ ਵਿਆਹ ਪੁਰਬ ਸੰਬੰਧੀ ਸਾਲਾਨਾ ਜੋੜ ਮੇਲਾ ਅੱਜ ਤੇ ਭਲਕ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਪੁਰਬ ਸਬੰਧੀ ਸਾਲਾਨਾ ਜੋੜ ਮੇਲਾ ਗੁਰਦੁਆਰਾ ਬੀਬੀ ਵੀਰੋ ਜੀ ਝਬਾਲ (ਮਾਣਕ ਚੌਂਕ ਝਬਾਲ) ਵਿਖੇ 9-10 ਜੂਨ ਦਿਨ ਮੰਗਲਵਾਰ ਅਤੇ ਬੁੱਧਵਾਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਬੀਬੀ ਵੀਰੋ ਜੀ ਝਬਾਲ ਦੇ ਰਿਸੀਵਰ ਬਲਵਿੰਦਰ ਸਿੰਘ ਸਵਰਗਾਪੁਰੀ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋ ਗਈ ਹੈ ਤੇ ਭੋਗ 9 ਜੂਨ ਨੂੰ ਪਾਏ ਜਾਣ ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਮੌਕੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਰਾਤ ਨੂੰ ਭਾਰੀ ਦੀਪ ਮਾਲਾ ਕੀਤੀ ਜਾਵੇਗੀ।10 ਜੂਨ ਨੂੰ ਸਵੇਰੇ 10 ਵਜੇ ਲਾਵਾਂ ਦੇ ਪਾਠ ਗਿਆਨੀ ਲਖਵਿੰਦਰ ਸਿੰਘ ਕਰਨਗੇ। ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਕਵੀਸ਼ਰੀ ਤੇ ਢਾਡੀ ਜਥੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਨਿਰਮਲ ਸਿੰਘ ਸੰਧੂ ਨੌਸ਼ਹਿਰਾ ਢਾਲਾ, ਭਾਈ ਗੁਰਇਕਬਾਲ ਸਿੰਘ, ਭਾਈ ਹਰਮਿੰਦਰ ਸਿੰਘ ਕਾਰ ਸੇਵਾ ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅੰਮ੍ਰਿਤਸਰ ਵਾਲਿਆਂ ਸਮੇਤ ਪੰਥ ਦੀਆਂ ਸਿਰਮੌਰ ਧਾਰਮਿਕ ਸਖਸ਼ੀਅਤਾਂ ਤੋਂ ਇਲਾਵਾ ਸਿਆਸੀ ਆਗੂ ਵੀ ਹਾਜ਼ਰੀਆਂ ਭਰਨ ਲਈ ਪੁੱਜਣਗੇ।ਸ਼ਾਮ ਨੂੰ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਵਿਚਕਾਰ ਪ੍ਰਦਰਸ਼ਨੀ ਮੈਚ ਕਰਵਾਇਆ ਜਾਵੇਗਾ।ਇਸ ਮੌਕੇ ਮੈਨੇਜਰ ਹਰਦੇਵ ਸਿੰਘ, ਗ੍ਰੰਥੀ ਗਿਆਨੀ ਬਲਬੀਰ ਸਿੰਘ ਤੋਂ ਇਲਾਵਾ ਹੋਰ ਸੇਵਾਦਾਰ ਵੀ ਹਾਜ਼ਰ ਸਨ।



# ਸਿੱਖਿਆ ਦੀ ਗੁਣਵੱਤਾ 'ਚ ਸੁਧਾਰ ਲਿਆਉਣ ਲਈ ਅਧਿਆਪਕਾਂ ਦਾ ਮਹੱਤਵਪੂਰਨ ਯੋਗਦਾਨ : ਰਾਜੇਸ਼ ਕੁਮਾਰ ਸ਼ਰਮਾ

**ਧਾਰੀਵਾਲ/ਡੇਰਾ ਬਾਬਾ ਨਾਨਕ (ਮਨਦੀਪ ਵਿੱਕੀ, ਰਮੇਸ਼ ਸ਼ਰਮਾ)**-ਰਾਜੇਸ਼ ਕੁਮਾਰ ਸ਼ਰਮਾ (ਸਟੇਟ ਐਵਾਰਡੀ) ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਅਤੇ ਡਾ. ਅਨਿਲ ਸ਼ਰਮਾ ਨੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਦਾ ਚਾਰਜ ਸੰਭਾਲ ਲਿਆ।ਇਸ ਮੌਕੇ ਡੀਈਓ ਰਾਜੇਸ਼ ਕੁਮਾਰ ਸ਼ਰਮਾ ਨੇ ਸਿੱਖਿਆ ਵਿਭਾਗ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਇਸ ਦੇ ਨਾਲ ਨਾਲ ਅਧਿਆਪਕਾਂ ਅਤੇ ਦਫਤਰ ਦਾ ਕੋਈ ਵੀ ਕੰਮ ਪੈਂਡਿੰਗ ਨਹੀਂ ਰਹਿਣ ਦਿੱਤਾ ਜਾਵੇਗਾ ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਅਧਿਆਪਕ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।ਇਸ ਦੌਰਾਨ ਡਿਪਟੀ ਡੀਈਓ ਡਾ. ਅਨਿਲ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਮਿਹਨਤੀ ਅਧਿਆਪਕ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਪਰਮਜੀਤ ਵੱਲੋਂ ਨਵ-ਨਿਯੁਕਤ ਅਧਿਕਾਰੀਆਂ ਨੂੰ ਅਹੁਦਾ ਸੰਭਾਲਣ ਤੇ ਮੁਬਾਰਕਬਾਦ ਦਿੰਦੇ ਹੋਏ ਹਰ ਪ੍ਰਕਾਰ ਦੇ ਸਹਿਯੋਗ ਦਾ ਵਾਅਦਾ ਕੀਤਾ।ਜ਼ਿਕਰਯੋਗ ਹੈ ਕਿ ਰਾਜੇਸ਼ ਸ਼ਰਮਾ ਪਹਿਲਾਂ ਵੀ ਜ਼ਿਲ੍ਹਾ ਗੁਰਦਾਸਪੁਰ ਵਿਖੇ ਬਤੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਇਸ ਮੌਕੇ ਸੁਪਰਡੈਂਟ ਪ੍ਰਬੋਧ ਕੁਮਾਰ, ਸੁਮਿਤ ਕੁਮਾਰ, ਅਮਿਤ ਗੁਪਤਾ, ਪਰਮਿੰਦਰ ਸਿੰਘ, ਰਾਜ ਕੁਮਾਰ, ਪ੍ਰਦੀਪ ਅਰੋੜਾ, ਸਰਬਜੀਤ ਸਿੰਘ, ਅਨੁਦੀਪ ਸ਼ਰਮਾ, ਪ੍ਰਿੰਸੀਪਲ ਰਾਕੇਸ਼ ਕੁਮਾਰ, ਨਵਦੀਪ ਸਿੰਘ, ਲੈਕਚਰਾਰ ਨਰੇਸ਼ ਕੁਮਾਰ, ਇਕਬਾਲ ਸਿੰਘ ਸਮਰਾ ਆਦਿ ਹਾਜ਼ਰ ਸਨ ।



# ਪੰਡਿਤ ਦੀਨ ਦਿਆਲ ਉਪਾਧਿਆਇ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਸਫਲਤਾਪੂਰਵਕ ਸੰਪੰਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਭਾਰਤੀ ਜਨਤਾ ਪਾਰਟੀ ਵੱਲੋਂ ਪੰਡਿਤ ਦੀਨ ਦਿਆਲ ਉਪਾਧਿਆਇ ਦੇ ਵਿਚਾਰਾਂ ਅਤੇ ਸਿਧਾਂਤਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਦੇਸ਼ ਭਰ ਵਿੱਚ ਆਯੋਜਿਤ ਕੀਤੇ ਜਾ ਰਹੇ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪਾਂ ਦੀ ਲੜੀ ਤਹਿਤ ਤਰਨਤਾਰਨ ਵਿਖੇ ਇੱਕ ਵਿਸ਼ਾਲ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ।ਇਹ ਕੈਂਪ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਬੜੇ ਉਤਸ਼ਾਹ ਅਤੇ ਸੰਗਠਨਾਤਮਕ ਮਾਹੌਲ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ।ਕੈਂਪ ਵਿੱਚ ਪੰਜਾਬ ਪ੍ਰਦੇਸ਼ ਦੇ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ, ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ, ਪ੍ਰਦੇਸ਼ ਮਹਾਂ ਮੰਤਰੀ ਰਾਕੇਸ਼ ਰਾਠੌਰ, ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਕੈਂਪ ਇੰਚਾਰਜ ਰਾਜੇਸ਼ ਹਨੀ ਅਤੇ ਪ੍ਰਦੇਸ਼ ਪ੍ਰਵਕਤਾ ਤੇ ਜ਼ਿਲ੍ਹਾ ਪ੍ਰਭਾਰੀ ਨਰੇਸ਼ ਸ਼ਰਮਾ ਸਮੇਤ ਜ਼ਿਲ੍ਹਾ ਲੀਡਰਸ਼ਿਪ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਕੈਂਪ ਵਿੱਚ ਵੱਖ-ਵੱਖ ਖੇਤਰਾਂ ਤੋਂ ਆਏ ਸਮਾਜ ਸੇਵਕਾਂ ਅਤੇ ਨੌਜਵਾਨਾਂ ਨੇ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ।ਕੈਂਪ ਦੀ ਸ਼ੁਰੂਆਤ ਰਾਸ਼ਟਰੀ ਗੀਤ ਅਤੇ ਜੋਤੀ ਜਗਾ ਕੇ ਕੀਤੀ ਗਈ।ਇਸ ਮੌਕੇ ਬੋਲਦਿਆਂ ਸ੍ਰੀ ਨਿਵਾਸੁਲੂ ਨੇ ਕਿਹਾ ਕਿ ਪੰਡਿਤ ਦੀਨ ਦਿਆਲ ਉਪਾਧਿਆਇ ਨੇ ਅੰਤੋਦਯਾ ਦੇ ਸਿਧਾਂਤ ਰਾਹੀਂ ਸਮਾਜ ਦੇ ਆਖਰੀ ਵਿਅਕਤੀ ਦੇ ਵਿਕਾਸ ਨੂੰ ਕੇਂਦਰ ਵਿੱਚ ਰੱਖਿਆ ਅਤੇ ਉਨ੍ਹਾਂ ਦੀ ਵਿਚਾਰਧਾਰਾ ਅੱਜ ਵੀ ਉਤਨੀ ਹੀ ਪ੍ਰਸੰਗਿਕ ਹੈ।ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਪੰਡਿਤ ਦੀਨ ਦਿਆਲ ਉਪਾਧਿਆਇ ਦੇ ਵਿਚਾਰ ਸਮਾਜਿਕ ਸਮਰਸਤਾ, ਰਾਸ਼ਟਰੀ ਏਕਤਾ ਅਤੇ ਸਰਬਪੱਖੀ ਵਿਕਾਸ ਲਈ ਮਾਰਗਦਰਸ਼ਕ ਹਨ।ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਅਤੇ ਸਮਾਜ ਦੀ ਭਲਾਈ ਲਈ ਅੱਗੇ ਆਉਣ ਦੀ ਅਪੀਲ ਕੀਤੀ।ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਸੰਗਠਨ ਦੀਆਂ ਭਵਿੱਖੀ ਯੋਜਨਾਵਾਂ ਅਤੇ ਜਨ-ਕਲਿਆਣਕਾਰੀ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਪ੍ਰਦੇਸ਼ ਮਹਾਂ ਮੰਤਰੀ ਰਾਕੇਸ਼ ਰਾਠੌਰ ਨੇ ਕਾਰਕੁਨਾਂ ਨੂੰ ਪੰਡਿਤ ਜੀ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਸੇਵਾ ਲਈ ਸਮਰਪਿਤ ਰਹਿਣ ਦਾ ਸੱਦਾ ਦਿੱਤਾ।ਕੈਂਪ ਦੌਰਾਨ ਵੱਖ-ਵੱਖ ਸੈਸ਼ਨਾਂ ਰਾਹੀਂ ਸੰਗਠਨ ਦੀ ਕਾਰਜ ਪ੍ਰਣਾਲੀ, ਸਮਾਜਿਕ ਜ਼ਿੰਮੇਵਾਰੀਆਂ, ਰਾਸ਼ਟਰੀ ਮੁੱਲਾਂ, ਪ੍ਰਭਾਵਸ਼ਾਲੀ ਨੇਤ੍ਰਤਵ, ਟੀਮ ਵਰਕ ਅਤੇ ਲੋਕ ਸੇਵਾ ਨਾਲ ਸਬੰਧਤ ਵਿਸ਼ਿਆਂ ਉੱਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਭਾਗੀਦਾਰਾਂ ਨੂੰ ਸੰਗਠਨਾਤਮਕ ਕੁਸ਼ਲਤਾ ਅਤੇ ਸਮਾਜ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਜੁੜਨ ਬਾਰੇ ਵੀ ਸਿਖਲਾਈ ਦਿੱਤੀ ਗਈ।ਇਸ ਮੌਕੇ ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ, ਹਰਪ੍ਰੀਤ ਸਿੰਘ ਸਿੰਦਬਾਦ, ਸੁਰਜੀਤ ਸਿੰਘ ਸਾਗਰ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਸੀਨੀਅਰ ਆਗੂ ਦਲਬੀਰ ਸਿੰਘ ਅਲਗੋਂ, ਰਮਨਦੀਪ ਸਿੰਘ ਭਰੋਵਾਲ, ਡਾ. ਅਵਤਾਰ ਸਿੰਘ, ਚਰਨਜੀਤ ਸਿੰਘ ਖਾਲਸਾ, ਕੈਪਟਨ ਪੂਰਨ ਸਿੰਘ, ਦਿਨੇਸ਼ ਜੋਸ਼ੀ, ਨਿਸ਼ਾਨ ਸਿੰਘ, ਅਵਤਾਰ ਸਿੰਘ, ਸਵਿੰਦਰ ਸਿੰਘ ਪੰਨੂ, ਬਿਕਰਮ ਅਰੋੜਾ, ਹਰਜੀਤ ਸਿੰਘ ਕੰਗ, ਹਰਮਨਦੀਪ ਸਿੰਘ ਅਤੇ ਜ਼ਿਲ੍ਹੇ ਭਰ ਤੋਂ ਪਾਰਟੀ ਦੇ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# 'ਅਪਨਾ ਫਰਜ਼ ਫਾਊਂਡੇਸ਼ਨ' ਵੱਲੋਂ ਲੋੜਵੰਦਾਂ ਦੀ ਮਦਦ ਲਈ ਵਿੱਢੀਆਂ ਸਰਗਰਮੀਆਂ ਸੰਬੰਧੀ ਅਹਿਮ ਵਿਚਾਰ-ਵਟਾਂਦਰਾ



**ਪਠਾਨਕੋਟ, (ਦਵਿੰਦਰ ਸਿੰਘ)**-ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਨਵੀਂ ਪਹਿਲਕਦਮੀ ਤਹਿਤ ਅਪਨਾ ਫਰਜ਼ ਫਾਊਂਡੇਸ਼ਨ ਦੀ ਇੱਕ ਮਹੱਤਵਪੂਰਨ ਮੀਟਿੰਗ ਸਥਾਨਕ ਦਫਤਰ ਵਿਖੇ ਅਕਸ਼ੈ ਪੁੰਜ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਫਾਊਂਡੇਸ਼ਨ ਦੇ ਸਾਰੇ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸੰਗਠਨ ਦੇ ਭਵਿੱਖ ਦੇ ਕੰਮਾਂ ਅਤੇ ਲੋਕ ਭਲਾਈ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਫਾਊਂਡੇਸ਼ਨ ਦੀ ਕਾਰਜਕਾਰੀ ਕਮੇਟੀ ਦੇ ਗਠਨ ਅਤੇ ਆਉਣ ਵਾਲੀਆਂ ਸਮਾਜਿਕ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਅਕਸ਼ੈ ਪੁੰਜ ਅਤੇ ਮੈਂਬਰਾਂ ਨੇ ਕਿਹਾ ਕਿ ਸਮਾਜ ਦੇ ਕਮਜ਼ੋਰ ਅਤੇ ਲੋੜਵੰਦ ਵਰਗਾਂ ਦੀ ਮਦਦ ਕਰਨਾ ਹਰ ਵਿਅਕਤੀ ਦੀ ਨੈਤਿਕ ਜ਼ਿੰਮੇਵਾਰੀ ਹੈ।ਇਸ ਸੋਚ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਨਾ ਫਰਜ਼ ਫਾਊਂਡੇਸ਼ਨ ਦਾ ਗਠਨ ਉਨ੍ਹਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੀਤਾ ਗਿਆ ਸੀ ਜੋ ਆਰਥਿਕ ਅਤੇ ਸਮਾਜਿਕ ਤੌਰ ਤੇ ਪੱਛੜੇ ਹਨ।ਉਨ੍ਹਾਂ ਕਿਹਾ ਕਿ ਸੰਗਠਨ ਦਾ ਮੁੱਖ ਉਦੇਸ਼ ਸਿਰਫ਼ ਸਹਾਇਤਾ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਸਮਾਜ ਵਿੱਚ ਸੇਵਾ, ਸਹਿਯੋਗ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਵੀ ਹੈ।ਉਨ੍ਹਾਂ ਕਿਹਾ ਕਿ ਸੰਸਥਾ ਸਿਹਤ ਜਾਗਰੂਕਤਾ ਵਧਾਉਣ ਅਤੇ ਲੋੜਵੰਦ ਮਰੀਜ਼ਾਂ ਨੂੰ ਢੁੱਕਵੀਂ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਯਤਨਸ਼ੀਲ ਰਹੇਗੀ।ਇਸ ਤੋਂ ਇਲਾਵਾ ਵਾਤਾਵਰਣ ਸੁਰੱਖਿਆ, ਸਿੱਖਿਆ, ਸਿਹਤ, ਸਵੱਛਤਾ ਅਤੇ ਸਮਾਜਿਕ ਜਾਗਰੂਕਤਾ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਨੂੰ ਵੀ ਸੰਗਠਨ ਦੀਆਂ ਤਰਜੀਹਾਂ ਵਿੱਚ ਸ਼ਾਮਲ ਕੀਤਾ ਜਾਵੇਗਾ।ਮੀਟਿੰਗ ਵਿੱਚ ਮੌਜੂਦ ਸਾਰੇ ਮੈਂਬਰਾਂ ਨੇ ਆਪਣੇ ਸੁਝਾਅ ਪੇਸ਼ ਕੀਤੇ ਅਤੇ ਸਮਾਜ ਦੇ ਭਲੇ ਲਈ ਵੱਧ ਤੋਂ ਵੱਧ ਲੋਕਾਂ ਨੂੰ ਸੰਗਠਨ ਨਾਲ ਜੋੜਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਮੈਂਬਰਾਂ ਨੇ ਕਿਹਾ ਕਿ ਅੱਜਕੱਲ੍ਹ ਸਮਾਜਿਕ ਸੰਗਠਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਗਈ ਹੈ ਅਤੇ ਸੰਗਠਿਤ ਕਾਰਜਾਂ ਰਾਹੀਂ ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ।ਉਨ੍ਹਾਂ ਨੇ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਨੂੰ ਪਿੰਡਾਂ ਅਤੇ ਸ਼ਹਿਰਾਂ ਤੱਕ ਵਧਾਉਣ ਅਤੇ ਨੌਜਵਾਨਾਂ ਨੂੰ ਸਮਾਜ ਸੇਵਾ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਦਾ ਵੀ ਵਾਅਦਾ ਕੀਤਾ।ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਕਿਸੇ ਵੀ ਸੰਗਠਨ ਦੀ ਸਫਲਤਾ ਇਸਦੇ ਮੈਂਬਰਾਂ ਦੀ ਵਫ਼ਾਦਾਰੀ, ਸਮਰਪਣ ਅਤੇ ਸੇਵਾ ਦੀ ਭਾਵਨਾ 'ਤੇ ਨਿਰਭਰ ਕਰਦੀ ਹੈ।ਅਪਨਾ ਫਰਜ਼ ਫਾਊਂਡੇਸ਼ਨ ਦੇ ਸਾਰੇ ਮੈਂਬਰ ਸਮਾਜ ਦੇ ਹਰ ਵਰਗ ਤੱਕ ਪਹੁੰਚਣ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਵਚਨਬੱਧ ਹਨ।

ਭਵਿੱਖ ਵਿੱਚ, ਸੰਸਥਾ ਵੱਖ-ਵੱਖ ਲੋਕ ਭਲਾਈ ਪ੍ਰੋਗਰਾਮਾਂ ਰਾਹੀਂ ਸਮਾਜ ਵਿੱਚ ਆਪਣੀ ਸਾਕਾਰਾਤਮਕ ਛਵੀ ਸਥਾਪਤ ਕਰੇਗੀ।ਮੀਟਿੰਗ ਦੇ ਅੰਤ ਵਿੱਚ ਸਾਰੇ ਮੈਂਬਰਾਂ ਨੇ ਇੱਕਜੁੱਟ ਹੋ ਕੇ ਸਮਾਜ ਸੇਵਾ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਲੋੜਵੰਦਾਂ ਦੇ ਜੀਵਨ ਵਿੱਚ ਸਾਕਾਰਾਤਮਕ ਬਦਲਾਅ ਲਿਆਉਣ ਦਾ ਸੰਕਲਪ ਲਿਆ।ਇਸ ਮੌਕੇ ਸੰਜੀਵ ਕੁਮਾਰ, ਆਸ਼ੀਸ਼ ਸ਼ਰਮਾ, ਰਾਜੇਸ਼ਵਰ ਪਠਾਨੀਆ, ਰਾਜੇਸ਼ਵਰ ਸੈਣੀ, ਅਮਿਤ ਕਸ਼ਯਪ, ਅਮਿਤ ਡੋਗਰਾ, ਰਮਨ ਕਾਲੀਆ, ਅਜੈ ਮਹਾਜਨ, ਵਿਕਰਮ ਸ਼ਰਮਾ, ਰਾਜੀਵ ਤ੍ਰੇਹਨ, ਵਰਿੰਦਰ ਮਾਹਿੰਗਾ, ਮਨੋਜ ਕੁਮਾਰ, ਰਾਜਨ ਠਾਕੁਰ, ਆਕਾਸ਼ ਠਾਕੁਰ, ਕੁਨਾਲ ਮਹਾਜਨ, ਅਮਿਤ ਨਾਇਬ, ਮੋਨੂ ਮਹਿਰਾ, ਡਾ. ਰਘੂਰਾਜ ਅਤੇ ਅਮਿਤ ਮਹਾਜਨ ਮੌਜੂਦ ਸਨ।

# ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਾਤਾਵਰਨ ਨੂੰ ਸੰਭਾਲਣ ਲਈ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ।ਇਸ ਮੌਕੇ ਬੂਟੇ ਲਗਾ ਕੇ ਵਾਤਾਵਰਨ ਡੇ ਦੀ ਸ਼ੁਰੂਆਤ ਕੀਤੀ ਗਈ ।ਇਸ ਮੌਕੇ ਨਗਰ ਕੌਂਸਲ ਦੇ ਮੈਂਬਰ ਅਵਤਾਰ ਸਿੰਘ ਕਾਲਾ, ਸੁਰਿੰਦਰ ਕੁਮਾਰ ਸੋਨੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਸਕੂਲ ਨੇ ਪਿਛਲੇ ਤਿੰਨ ਸਾਲਾਂ ਤੋਂ ਵਾਤਾਵਰਣ ਨੂੰ ਬਚਾਉਣ ਲਈ ਹਰ ਸਾਲ 5000 ਤੋਂ ਉਪਰ ਬੂਟੇ ਲਗਾਏ ਹਨ।ਉਨ੍ਹਾਂ ਕਿਹਾ ਕਿ ਇਸ ਸਾਲ ਵੀ 5000 ਤੋਂ ਵੱਧ ਬੂਟੇ ਲਗਾਏ ਜਾਣਗੇ।ਇਸ ਲਈ ਸਕੂਲ ਨੇ ਜੰਗਲਾਤ ਵਿਭਾਗ ਅਤੇ ਡੀ ਓ ਆਫਿਸ ਨੂੰ ਬੇਨਤੀ ਭੇਜੀ ਹੈ ਕਿ ਸਕੂਲ ਨੂੰ ਬੂਟੇ ਮੁਹੱਈਆ ਕਰਵਾਏ ਜਾਣ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਮਰਪ੍ਰੀਤ ਕੌਰ (ਡਾਇਰੈਕਟਰ ਪ੍ਰਿੰਸੀਪਲ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ) ਵਾਇਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ, ਸਾਹਿਲ ਸ਼ਰਮਾ, ਜਸਬੀਰ ਸਿੰਘ, ਰੁਪਿੰਦਰ ਕੌਰ ਡੀ. ਪੀ. ਰਾਜਬੀਰ ਕੌਰ ਅਤੇ ਸਕੂਲ ਦੇ ਬੱਚਿਆਂ ਨੇ ਭਾਗ ਲਿਆ।

# ਆਈ ਡੀ ਏ ਅੰਮ੍ਰਿਤਸਰ ਡੈਂਟਲ ਸਟੱਡੀ ਸਰਕਲ ਸਥਾਪਤ

## ਨੌਜਵਾਨ ਦੰਦ ਚਿਕਿਤਸਕਾਂ ਨੂੰ ਮਿਲੇਗਾ ਸਿੱਖਣ ਲਈ ਵਧੀਆ ਮੰਚ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਇੰਡੀਅਨ ਡੈਂਟਲ ਐਸੋਸੀਏਸ਼ਨ (ਆਈ. ਡੀ. ਏ.) ਅੰਮ੍ਰਿਤਸਰ ਵੱਲੋਂ ਪ੍ਰਧਾਨ ਡਾ. ਕਮਲਦੀਪ ਸ਼ਰਮਾ ਅਤੇ ਸਕੱਤਰ ਡਾ. ਨਿਤਿਨ ਵਰਮਾ ਦੀ ਗਤੀਸ਼ੀਲ ਅਗਵਾਈ ਹੇਠ ਆਈ. ਡੀ. ਏ. ਅੰਮ੍ਰਿਤਸਰ ਡੈਂਟਲ ਸਟੱਡੀ ਸਰਕਲ ਦੀ ਸਥਾਪਨਾ ਕੀਤੀ ਗਈ ਹੈ।ਇਸ ਉਪਰਾਲੇ ਦਾ ਮੁੱਖ ਉਦੇਸ਼ ਡੈਂਟਲ ਕਾਲਜਾਂ ਵਿੱਚ ਦਿੱਤੀ ਜਾਣ ਵਾਲੀ ਸਿੱਖਿਆ ਅਤੇ ਆਧੁਨਿਕ ਦੰਦ ਚਿਕਿਤਸਾ ਦੇ ਤੇਜ਼ੀ ਨਾਲ ਬਦਲ ਰਹੇ ਖੇਤਰ ਵਿਚਕਾਰ ਪੈਦਾ ਹੋ ਰਹੇ ਅੰਤਰ ਨੂੰ ਘਟਾਉਣਾ ਹੈ।ਡੈਂਟਲ ਸਟੱਡੀ ਸਰਕਲ ਨੌਜਵਾਨ ਦੰਦ ਚਿਕਿਤਸਕਾਂ ਲਈ ਇੱਕ ਅਜਿਹਾ ਅਕਾਦਮਿਕ ਮੰਚ ਸਾਬਤ ਹੋਵੇਗਾ, ਜਿੱਥੇ ਉਹ ਆਪਣੇ ਗਿਆਨ ਅਤੇ ਕਲੀਨੀਕਲ ਹੁਨਰਾਂ ਵਿੱਚ ਵਾਧਾ ਕਰਨ ਦੇ ਨਾਲ-ਨਾਲ ਤਜਰਬੇਕਾਰ ਡਾਕਟਰਾਂ ਤੋਂ ਵਿਹਾਰਕ ਜਾਣਕਾਰੀ ਅਤੇ ਮਾਰਗਦਰਸ਼ਨ ਵੀ ਪ੍ਰਾਪਤ ਕਰ ਸਕਣਗੇ।ਸਟੱਡੀ ਸਰਕਲ ਦੀ ਪਹਿਲੀ ਅਕਾਦਮਿਕ ਬੈਠਕ ਵਿੱਚ ਪ੍ਰਸਿੱਧ ਦੰਦ ਚਿਕਿਤਸਕ ਡਾ. ਰਾਮਨਦੀਪ ਸਿੰਘ ਭੁੱਲਰ ਨੇ ਡੈਂਟਲ ਪ੍ਰੈਕਟਿਸ ਵਿੱਚ ਮੈਡੀਕਲ ਐਮਰਜੈਂਸੀਜ਼ ਵਿਸ਼ੇ 'ਤੇ ਵਿਸਥਾਰਪੂਰਵਕ ਲੈਕਚਰ ਦਿੱਤਾ।ਉਨ੍ਹਾਂ ਨੇ ਦੰਦਾਂ ਦੇ ਇਲਾਜ ਦੌਰਾਨ ਆ ਸਕਣ ਵਾਲੀਆਂ ਮੈਡੀਕਲ ਐਮਰਜੈਂਸੀ ਸਥਿਤੀਆਂ ਦੀ ਪਛਾਣ, ਰੋਕਥਾਮ ਅਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਇਸ ਸੈਸ਼ਨ ਨੂੰ ਭਾਗੀਦਾਰਾਂ ਵੱਲੋਂ ਬਹੁਤ ਹੀ ਸਰਾਹਿਆ ਗਿਆ ਅਤੇ ਇਸ ਨੂੰ ਗਿਆਨਵਰਧਕ ਅਤੇ ਲਾਭਕਾਰੀ ਕਰਾਰ ਦਿੱਤਾ ਗਿਆ।ਇਸ ਮੌਕੇ ਡਾ. ਕਮਲਦੀਪ ਸ਼ਰਮਾ ਨੇ ਕਿਹਾ ਕਿ ਇਹ ਸਟੱਡੀ ਸਰਕਲ ਉਨ੍ਹਾਂ ਦਾ ਇੱਕ ਦੂਰਅੰਦੇਸ਼ੀ ਭਰਿਆ ਸੁਪਨਾ ਹੈ, ਜਿਸ ਦਾ ਉਦੇਸ਼ ਸ਼ਹਿਰ ਦੇ ਨੌਜਵਾਨ ਦੰਦ ਚਿਕਿਤਸਕਾਂ ਨੂੰ ਸੀਨੀਅਰ ਅਤੇ ਤਜਰਬੇਕਾਰ ਕਲੀਨੀਸ਼ੀਅਨਾਂ ਦੀ ਸਰਪ੍ਰਸਤੀ ਹੇਠ ਆਪਣੀਆਂ ਪੇਸ਼ੇਵਰ ਯੋਗਤਾਵਾਂ ਨੂੰ ਹੋਰ ਨਿਖਾਰਨ ਦਾ ਮੌਕਾ ਪ੍ਰਦਾਨ ਕਰਨਾ ਹੈ।ਉਨ੍ਹਾਂ ਕਿਹਾ ਕਿ ਦੰਦ ਚਿਕਿਤਸਾ ਦੇ ਖੇਤਰ ਵਿੱਚ ਨਵੀਆਂ ਤਕਨੀਕਾਂ ਅਤੇ ਇਲਾਜ ਪ੍ਰਣਾਲੀਆਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਹਨ ਅਤੇ ਡਾਕਟਰਾਂ ਲਈ ਇਨ੍ਹਾਂ ਨਾਲ ਅਪਡੇਟ ਰਹਿਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਅੱਗੇ ਕਿਹਾ ਕਿ ਇਹ ਉਪਰਾਲਾ ਭਵਿੱਖ ਵਿੱਚ ਦੇਸ਼ ਅਤੇ ਵਿਦੇਸ਼ ਦੇ ਮਾਹਿਰਾਂ ਨਾਲ ਹੋਣ ਵਾਲੀਆਂ ਵਿਦਿਅਕ ਗਤੀਵਿਧੀਆਂ ਅਤੇ ਸੰਵਾਦਾਂ ਦਾ ਲਾਭ ਲੈਣ ਲਈ ਵੀ ਦੰਦ ਚਿਕਿਤਸਕਾਂ ਨੂੰ ਤਿਆਰ ਕਰੇਗਾ।ਸਕੱਤਰ ਡਾ. ਨਿਤਿਨ ਵਰਮਾ ਨੇ ਕਿਹਾ ਕਿ ਆਈ. ਡੀ. ਏ. ਅੰਮ੍ਰਿਤਸਰ ਆਪਣੇ ਮੈਂਬਰਾਂ ਵਿੱਚ ਲਗਾਤਾਰ ਸਿੱਖਣ ਦੀ ਭਾਵਨਾ ਨੂੰ ਪ੍ਰੋਤਸਾਹਿਤ ਕਰਨ ਅਤੇ ਪੇਸ਼ੇਵਰ ਉਤਕ੍ਰਿਸ਼ਟਤਾ ਨੂੰ ਉਭਾਰਨ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਡੈਂਟਲ ਸਟੱਡੀ ਸਰਕਲ ਤਹਿਤ ਨਿਯਮਿਤ ਤੌਰ 'ਤੇ ਲੈਕਚਰ, ਵਰਕਸ਼ਾਪਾਂ, ਕਲੀਨੀਕਲ ਚਰਚਾਵਾਂ ਅਤੇ ਹੁਨਰ ਵਿਕਾਸ ਪ੍ਰੋਗਰਾਮ ਕਰਵਾਏ ਜਾਣਗੇ।ਭਾਗੀਦਾਰਾਂ ਨੇ ਇਸ ਪਹਿਲ ਦਾ ਭਰਪੂਰ ਸਵਾਗਤ ਕਰਦਿਆਂ ਇਸ ਨੂੰ ਦੰਦ ਚਿਕਿਤਸਾ ਖੇਤਰ ਲਈ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ। ਉਨ੍ਹਾਂ ਨੇ ਭਵਿੱਖ ਵਿੱਚ ਹੋਣ ਵਾਲੇ ਅਕਾਦਮਿਕ ਸੈਸ਼ਨਾਂ ਵਿੱਚ ਵੀ ਸਰਗਰਮ ਭਾਗੀਦਾਰੀ ਦਾ ਭਰੋਸਾ ਦਿੱਤਾ।ਆਈ. ਡੀ. ਏ. ਅੰਮ੍ਰਿਤਸਰ ਨੇ ਦੁਹਰਾਇਆ ਕਿ ਉਹ ਲਗਾਤਾਰ ਡੈਂਟਲ ਸਿੱਖਿਆ, ਪੇਸ਼ੇਵਰ ਉਤਕ੍ਰਿਸ਼ਟਤਾ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਤਾਂ ਜੋ ਇਸਦੇ ਮੈਂਬਰ ਦੰਦ ਚਿਕਿਤਸਾ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਖੋਜਾਂ ਅਤੇ ਤਰੱਕੀਆਂ ਨਾਲ ਹਮੇਸ਼ਾ ਅਪਡੇਟ ਰਹਿਣ।

# ਯੁੱਧ ਨਸ਼ਿਆਂ ਵਿਰੁੱਧ ਸੰਗਰਾਮ ਹੁਣ ਲੋਕ ਸਮਰਥਨ ਨਾਲ ਲੋਕ ਲਹਿਰ ਬਣਿਆ : ਧਾਲੀਵਾਲ

**ਅੰਮ੍ਰਿਤਸਰ/ਅਜਨਾਲਾ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ ਵਿਧਾਇਕ ਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਰੰਗਲੇ ਪੰਜਾਬ ਦੀ ਸਿਰਜਨਾ ਲਈ ਨਸ਼ਿਆਂ ਦੇ ਪਸਾਰੇ ਦੀ ਕਬਰ ਪੁੱਟਣ ਲਈ ਵਿੱਢਿਆ ਯੁੱਧ ਨਸ਼ਿਆਂ ਵਿਰੁੱਧ ਸੰਗਰਾਮ ਹੁਣ ਲੋਕ ਲਹਿਰ ਬਣ ਚੁੱਕਾ ਅਤੇ ਇਸ ਲਹਿਰ ਤਹਿਤ ਯੁੱਧ ਨਸ਼ਿਆਂ ਵਿਰੁੱਧ ਸੰਗਰਾਮ ਨੂੰ ਪੰਜਾਬ ਦੇ ਅਮਨ ਪਸੰਦ ਸ਼ਹਿਰੀਆਂ, ਸਮਾਜ ਸੇਵੀਆਂ ਅਤੇ ਸੂਬਾ ਸਰਕਾਰ ਵੱਲੋਂ ਗਠਿਤ ਪੇਂਡੂ ਡਿਫੈਂਸ ਕਮੇਟੀਆਂ ਦੇ 1.25 ਲੱਖ ਮੈਂਬਰਾਂ ਦੀ ਬਦੌਲਤ ਮਿਲੀ ਸਫਲਤਾ ਦੇ ਨਤੀਜੇ ਵਜੋਂ ਸੈਂਕੜੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ 2700 ਕਿਲੋਗ੍ਰਾਮ ਤੋਂ ਵੱਧ ਹੈਰੋਇਨ, ਆਈਸ ਡਰੱਗ ਆਦਿ ਸਿੰਥੈਟਿਕ ਨਸ਼ੇ ਬਰਾਮਦ ਕੀਤੇ ਗਏ, ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਤੇ ਪੀਲਾ ਪੰਜਾ ਚਲਾਉਣ, ਨਸ਼ਿਆਂ ਦੀ ਕਾਲੀ ਕਮਾਈ ਨਾਲ ਬਣੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਸਮੇਤ ਕਰੋੜਾਂ ਦੀ ਡਰੱਗ ਮਨੀ ਜ਼ਬਤ ਕਰਨ ਦੀਆਂ ਇਤਿਹਾਸਕ ਪ੍ਰਾਪਤੀਆਂ ਹੋਈਆਂ ਹਨ।ਧਾਲੀਵਾਲ ਅਜਨਾਲਾ ਵਿਖੇ ਐੱਸ. ਡੀ. ਐੱਮ. ਅਜਨਾਲਾ ਚਾਰੂਮਿਤਾ, ਡੀ. ਐੱਸ. ਪੀ. ਗੁਰਦੀਪ ਸਿੰਘ, ਬੀ. ਡੀ. ਪੀ. ਓ. ਸਿਤਾਰਾ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਸਰਕਾਰੀ ਤੌਰ ਤੇ ਕਰਵਾਏ ਗਏ ਯੁੱਧ ਨਸ਼ਿਆਂ ਵਿਰੁੱਧ ਸਹੁੰ ਚੁੱਕ ਜਾਗਰੂਕਤਾ ਸਮਾਰੋਹ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।ਸਮਾਰੋਹ 'ਚ ਅਜਨਾਲਾ ਹਲਕੇ ਦੀਆਂ 183 ਪਿੰਡਾਂ ਦੀਆਂ ਪੇਂਡੂ ਡਿਫੈਂਸ ਕਮੇਟੀਆਂ ਦੇ ਇੰਚਾਰਜ, ਅਜਨਾਲਾ ਤੇ ਰਮਦਾਸ ਸ਼ਹਿਰੀ ਵਾਰਡਾਂ ਦੀਆਂ ਡਿਫੈਂਸ ਕਮੇਟੀਆਂ, ਕੌਂਸਲਰ, ਸਾਬਕਾ ਕੌਂਸਲਰ ਤੇ ਨਸ਼ਾ ਵਿਰੋਧੀ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਵੱਡੀ ਗਿਣਤੀ 'ਚ ਮੌਜੂਦ ਸਨ।ਸ. ਧਾਲੀਵਾਲ ਨੇ ਸਪਸ਼ਟ ਐਲਾਨ ਕੀਤਾ ਕਿ ਮਾਨ ਸਰਕਾਰ ਵੱਲੋਂ ਨਸ਼ਿਆਂ ਦੀ ਕਬਰ ਪੁੱਟਣ ਲਈ ਵਿੱਢਿਆ ਯੁੱਧ ਨਸ਼ਿਆਂ ਵਿਰੁੱਧ ਸੰਗਰਾਮ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਪੰਜਾਬ ਨਸ਼ਿਆਂ ਤੋਂ ਮੁਕਤ ਨਹੀਂ ਹੋ ਜਾਂਦਾ।ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸੰਗਰਾਮ ਨੂੰ ਸਫਲ ਬਣਾਉਣ ਲਈ ਪੇਂਡੂ ਤੇ ਸ਼ਹਿਰੀ ਵਾਰਡ ਨੂੰ ਇਕਾਈ ਨਿਰਧਾਰਤ ਕਰਕੇ ਪੇਂਡੂ ਤੇ ਸ਼ਹਿਰੀ ਡਿਫੈਂਸ ਕਮੇਟੀਆਂ ਦੇ ਸਮੂਹ ਮੈਂਬਰਾਂ ਸਣੇ ਨਸ਼ਾ ਵਿਰੋਧੀ ਸਮਾਜ ਸੇਵੀ ਸੰਸਥਾਵਾਂ ਨੂੰ ਸੱਦਾ ਦਿੱਤਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਵਿੱਢੇ ਸੰਗਰਾਮ ਯੁੱਧ ਨਸ਼ਿਆਂ ਵਿਰੁੱਧ ਦਾ ਸਰਗਰਮ ਹਿੱਸਾ ਬਣਦੇ ਹੋਏ ਪਿੰਡਾਂ ਤੇ ਸ਼ਹਿਰੀ ਵਾਰਡਾਂ ਦੇ ਨਿਗਰਾਨ ਬਣ ਕੇ ਨਸ਼ਾ ਮੁਕਤ ਰੰਗਲੇ ਸਿਹਤਮੰਦ ਪੰਜਾਬ ਦੀ ਸਿਰਜਣਾ ਲਈ ਇਤਿਹਾਸਕ ਭੂਮਿਕਾ ਨਿਭਾਈ ਜਾਵੇ।ਉਨ੍ਹਾਂ ਨਸ਼ਿਆਂ ਦੇ ਪਸਾਰੇ ਲਈ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਬਰਾਬਰ ਜਵਾਬਦੇਹ ਠਹਿਰਾਇਆ। ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਿਆਂ ਦੇ ਧੰਦੇ ਨੂੰ ਚੌਪਟ ਕਰਨ 'ਚ ਸੂਬੇ ਦੀ ਮਾਨ ਸਰਕਾਰ ਨੂੰ ਵਿਸ਼ੇਸ਼ ਸੁਰੱਖਿਆ ਆਰਥਕਿ ਪੈਕੇਜ ਦੇਣ ਤੋਂ ਚੁੱਪ ਧਾਰੀ ਹੋਈ ਹੈ ਜਦੋਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਵਿਦੇਸ਼ ਗ੍ਰਹਿ ਮੰਤਰਾਲਾ ਸਮੇਤ ਹੋਰ ਕੇਂਦਰੀ ਵਜ਼ੀਰਾਂ ਕੋਲ ਸਰਹੱਦ ਪਾਰੋਂ ਪਾਕਿਸਤਾਨ ਵੱਲੋਂ ਡਰੋਨ ਆਦਿ ਤਕਨੀਕਾਂ ਨਾਲ ਨਸ਼ੇ ਤੇ ਮਾਰੂ ਅਗਨ ਸ਼ਸਤਰਾਂ ਦੀਆਂ ਖੇਪਾਂ ਭੇਜਣ ਦੀਆਂ ਭਾਰਤ ਵਿਰੋਧੀ ਸਾਜ਼ਿਸ਼ਾਂ ਦਾ ਝੰਜਟ ਖਤਮ ਕਰਨ ਲਈ ਪੰਜਾਬ ਦੀ 533 ਕਿਲੋਮੀਟਰ ਲੰਮੀ ਭਾਰਤ-ਪਾਕਿ ਕੌਮਾਂਤਰੀ ਸਰਹੱਦ ਨੂੰ ਸੀਲ ਕਰਨ ਲਈ ਦਿੱਤੀਆਂ ਤਜਵੀਜ਼ਾਂ ਨੂੰ ਅਮਲ 'ਚ ਲਿਆਉਣ ਦੀ ਬਜਾਏ ਰੱਦੀ ਦੀ ਟੋਕਰੀ 'ਚ ਸੁੱਟ ਦਿੱਤਾ ਹੈ ਪਰ ਸੂਬਾ ਸਰਕਾਰ ਨੇ ਆਪਣੇ ਸਾਧਨਾਂ ਨਾਲ 52 ਕਰੋੜ ਰੁਪਏ ਦੀ ਲਾਗਤ ਨਾਲ ਪਾਕਿਸਤਾਨ ਤੋਂ ਆ ਰਹੇ ਡਰੋਨ ਰਾਹੀਂ ਨਸ਼ਿਆਂ ਦੇ ਸਿਲਸਿਲੇ ਨੂੰ ਠੱਲ੍ਹਣ ਲਈ ਕੌਮਾਂਤਰੀ ਸਰਹੱਦ ਦੀਆਂ ਤਿੰਨ ਸੰਵੇਦਨਸ਼ੀਲ ਥਾਵਾਂ 'ਤੇ ਐਂਟੀ ਡਰੋਨ ਸਿਸਟਮ ਦੀ ਵਿਵਸਥਾ ਕੀਤੀ ਹੈ।ਸਮਾਰੋਹ ਦੇ ਅੰਤ 'ਚ ਸਹੁੰ-ਚੁੱਕ ਜਾਗਰੂਕਤਾ ਸਮਾਰੋਹ 'ਚ ਸ਼ਾਮਿਲ ਸਮੂਹ ਨਸ਼ਾ ਵਿਰੋਧੀ ਸਮਾਜ ਸੇਵੀਆਂ, ਪੇਂਡੂ ਡਿਫੈਂਸ ਕਮੇਟੀਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਨਸ਼ਾ ਤਸਕਰਾਂ ਵਿਰੁੱਧ ਸੱਚੀ ਤੇ ਸੁੱਚੀ ਪ੍ਰਸ਼ਾਸਨ ਨੂੰ ਸੂਚਨਾ ਦੇਣ, ਨਸ਼ੇੜੀਆਂ ਨੂੰ ਨਸ਼ੇ ਛੁਡਾਉਣ ਲਈ ਪ੍ਰੇਰਿਤ ਕਰਕੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ 'ਚ ਲਿਜਾਣ ਲਈ ਹਲਫ਼ ਦਿਵਾਇਆ ਗਿਆ।



# ਪੰਜਾਬ ਰਾਜ ਅੰਤਰ-ਜ਼ਿਲ੍ਹਾ ਮਹਿਲਾ ਸੀਨੀਅਰ ਕ੍ਰਿਕਟ ਟੂਰਨਾਮੈਂਟ 'ਚ ਪਠਾਨਕੋਟ ਦੀ ਸ਼ਾਨਦਾਰ ਜਿੱਤ

**ਪਠਾਨਕੋਟ (ਦਵਿੰਦਰ ਸਿੰਘ)**

ਪੀਸੀਏ ਮੋਹਾਲੀ ਵੱਲੋਂ ਕਰਵਾਏ ਜਾ ਰਹੇ ਪੰਜਾਬ ਰਾਜ ਅੰਤਰ-ਜ਼ਿਲ੍ਹਾ ਮਹਿਲਾ ਸੀਨੀਅਰ ਇੱਕ ਦਿਨਾ ਕ੍ਰਿਕਟ ਟੂਰਨਾਮੈਂਟ ਵਿੱਚ ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਦੀ ਮਹਿਲਾ ਸੀਨੀਅਰ ਟੀਮ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਇੱਕ ਰੋਮਾਂਚਕ ਮੁਕਾਬਲੇ ਵਿੱਚ ਤਰਨਤਾਰਨ ਨੂੰ 28 ਦੌੜਾਂ ਨਾਲ ਹਰਾਕੇ ਅਹਿਮ ਜਿੱਤ ਦਰਜ ਕੀਤੀ।ਪਹਿਲਾਂ ਬੱਲੇਬਾਜ਼ੀ ਕਰਦਿਆਂ ਪਠਾਨਕੋਟ ਦੀ ਟੀਮ ਨੇ 44 ਓਵਰਾਂ ਵਿੱਚ 193 ਦੌੜਾਂ ਦਾ ਮੁਕਾਬਲਾਤੀ ਸਕੋਰ ਖੜ੍ਹਾ ਕੀਤਾ।ਟੀਮ ਦੀਆਂ ਬੱਲੇਬਾਜ਼ਾਂ ਨੇ ਸ਼ਾਨਦਾਰ ਧੀਰਜ, ਦ੍ਰਿੜਤਾ ਅਤੇ ਸੰਘਰਸ਼ਸ਼ੀਲਤਾ ਦਾ ਪ੍ਰਦਰਸ਼ਨ ਕਰਦਿਆਂ ਵਿਰੋਧੀ ਟੀਮ ਅੱਗੇ ਚੁਣੌਤੀਪੂਰਨ ਟੀਚਾ ਰੱਖਿਆ।ਟੀਚੇ ਦਾ ਪਿੱਛਾ ਕਰਨ ਉਤਰੀ ਤਰਨਤਾਰਨ ਦੀ ਟੀਮ ਨੇ ਸਖ਼ਤ ਮੁਕਾਬਲਾ ਕੀਤਾ, ਪਰ ਆਖ਼ਿਰਕਾਰ ਪੂਰੀ ਟੀਮ 45.1 ਓਵਰਾਂ ਵਿੱਚ 165 ਦੌੜਾਂ 'ਤੇ ਆਲ ਆਊਟ ਹੋ ਗਈ।ਇਸ ਤਰ੍ਹਾਂ ਪਠਾਨਕੋਟ ਨੇ ਇਹ ਮੁਕਾਬਲਾ 28 ਦੌੜਾਂ ਨਾਲ ਆਪਣੇ ਨਾਮ ਕਰ ਲਿਆ।ਪਠਾਨਕੋਟ ਵੱਲੋਂ ਰੈਨਾ ਨੇ ਸ਼ਾਨਦਾਰ ਆਲਰਾਊਂਡ ਪ੍ਰਦਰਸ਼ਨ ਕਰਦਿਆਂ 39 ਅਹਿਮ ਦੌੜਾਂ ਬਣਾਈਆਂ ਅਤੇ 2 ਵਿਕਟਾਂ ਵੀ ਹਾਸਲ ਕੀਤੀਆਂ।ਇਸ ਤੋਂ ਇਲਾਵਾ ਪ੍ਰਾਚੀ ਨੇ ਗੇਂਦਬਾਜ਼ੀ ਵਿੱਚ ਬੇਹਤਰੀਨ ਪ੍ਰਦਰਸ਼ਨ ਕਰਦਿਆਂ 4 ਅਹਿਮ ਵਿਕਟਾਂ ਆਪਣੇ ਨਾਮ ਕੀਤੀਆਂ ਅਤੇ ਤਰਨਤਾਰਨ ਦੀ ਬੱਲੇਬਾਜ਼ੀ ਕ੍ਰਮ ਨੂੰ ਬਿਖੇਰਨ ਵਿੱਚ ਅਹਿਮ ਭੂਮਿਕਾ ਨਿਭਾਈ।ਟੀਮ ਦੀ ਅਨੁਸ਼ਾਸਿਤ ਗੇਂਦਬਾਜ਼ੀ, ਚੁਸਤ ਫੀਲਡਿੰਗ ਅਤੇ ਸਾਂਝੇ ਯਤਨ ਇਸ ਜਿੱਤ ਦੇ ਮੁੱਖ ਆਧਾਰ ਰਹੇ।ਇਸ ਜਿੱਤ ਨਾਲ ਪਠਾਨਕੋਟ ਨੇ ਟੂਰਨਾਮੈਂਟ ਵਿੱਚ ਆਪਣੀ ਸਥਿਤੀ ਹੋਰ ਵੀ ਮਜ਼ਬੂਤ ਕਰ ਲਈ ਹੈ।ਖਿਡਾਰੀਆਂ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਦੇ ਸਕੱਤਰ ਸੰਨੀ ਮਹਾਜਨ ਨੇ ਕਿਹਾ ਕਿ ਮੈਂ ਇਸ ਸ਼ਾਨਦਾਰ ਜਿੱਤ ਲਈ ਪੂਰੀ ਟੀਮ ਨੂੰ ਦਿਲੋਂ ਵਧਾਈ ਦਿੰਦਾ ਹਾਂ।ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਪਠਾਨਕੋਟ ਵਿੱਚ ਮਹਿਲਾ ਕ੍ਰਿਕਟ ਦੀ ਵਧ ਰਹੀ ਤਾਕਤ ਅਤੇ ਸਾਡੇ ਖਿਡਾਰੀਆਂ ਤੇ ਕੋਚਿੰਗ ਸਟਾਫ ਦੀ ਮਿਹਨਤ ਨੂੰ ਦਰਸਾਉਂਦੀਆਂ ਹਨ।ਅਸੀਂ ਆਪਣੀਆਂ ਮਹਿਲਾ ਕ੍ਰਿਕਟਰਾਂ ਨੂੰ ਬਿਹਤਰ ਮੌਕੇ ਅਤੇ ਉੱਤਮ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਉਣ ਵਾਲੇ ਮੁਕਾਬਲਿਆਂ ਵਿੱਚ ਵੀ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਦੀਆਂ ਰਹਿਣਗੀਆਂ।



# ਨਫਰਤ ਦੀ ਨਵੀਂ ਲਹਿਰ

ਗਾਜ਼ੀਆਬਾਦ ਵਿੱਚ ਇੱਕ ਮੁਸਲਿਮ ਮੁੰਡੇ ਵੱਲੋਂ ਇੱਕ ਹਿੰਦੂ ਮੁੰਡੇ ਦਾ ਕਤਲ ਮੁਸਲਮਾਨਾਂ ਵਿਰੁੱਧ ਨਫਰਤ ਦੀ ਨਵੀਂ ਮੁਹਿੰਮ ਦਾ ਤਾਜ਼ਾ ਬਹਾਨਾ ਬਣ ਗਿਆ ਹੈ। ਸੂਰੀਆ ਦੀ ਹੱਤਿਆ ਦੇ 'ਦੋਸ਼ੀ' ਅਸਦ ਨੂੰ ਪੁਲਸ ਨੇ ਤੁਰੰਤ 'ਮੁਕਾਬਲੇ' ਵਿੱਚ ਮਾਰ ਦਿੱਤਾ। ਫਿਰ ਵੀ ਇਸ ਮੁਕਾਬਲੇ ਨੇ ਕੁਝ ਹਿੰਦੂਆਂ ਵਿੱਚ ਮੁਸਲਮਾਨਾਂ ਦੇ ਖ਼ੂਨ ਦੀ ਪਿਆਸ ਨੂੰ ਸੰਤੁਸ਼ਟ ਨਹੀਂ ਕੀਤਾ। ਹੁਣ ਇਹ ਮੰਗ ਕੀਤੀ ਜਾ ਰਹੀ ਹੈ ਕਿ ਜਿਸ ਪਰਵਾਰ ਵਿੱਚ ਅਸਦ ਪੈਦਾ ਹੋਇਆ ਸੀ, ਉਸ ਨੂੰ ਸਜ਼ਾ ਦਿੱਤੀ ਜਾਵੇ। ਉਸ ਦੇ ਭਰਾ ਅਤੇ ਪਿਤਾ ਗ੍ਰਿਫਤਾਰ ਹਨ, ਪਰ ਇਹ ਕਾਫੀ ਨਹੀਂ ਹੈ। ਅਸਦ ਦੇ ਘਰ ਨੂੰ ਢਾਹੁਣ ਲਈ ਇੱਕ ਨੋਟਿਸ ਜਾਰੀ ਕੀਤਾ ਗਿਆ ਹੈ। 'ਪੂਰੇ ਪਰਵਾਰ ਦਾ ਮੁਕਾਬਲਾ' ਅਜੇ ਜਾਇਜ਼ ਨਹੀਂ ਠਹਿਰਾਇਆ ਜਾ ਸਕੇਗਾ। ਉਹ ਸਮਾਂ ਵੀ ਸ਼ਾਇਦ ਛੇਤੀ ਆ ਜਾਵੇ, ਪਰ ਪੂਰੇ ਪਰਵਾਰ ਨੂੰ ਤਬਾਹ ਜ਼ਰੂਰ ਕੀਤਾ ਜਾ ਸਕਦਾ ਹੈ। ਉਸ ਨੂੰ ਬੇਘਰ ਕੀਤਾ ਜਾ ਸਕਦਾ ਹੈ। ਵੱਖ-ਵੱਖ ਮਾਮਲਿਆਂ ਵਿੱਚ ਫਸਾ ਕੇ ਪੂਰੇ ਪਰਵਾਰ ਦੀ ਜ਼ਿੰਦਗੀ ਬਰਬਾਦ ਕੀਤੀ ਜਾ ਸਕਦੀ ਹੈ।

ਪਰ ਇਹ ਵੀ ਕਾਫੀ ਨਹੀਂ ਹੈ। ਉਸ ਭਾਈਚਾਰੇ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ, ਅਸਦ ਜਿਸ ਦਾ ਮੈਂਬਰ ਸੀ, ਯਾਨੀ ਮੁਸਲਮਾਨਾਂ ਨੂੰ। ਇਹ ਕਿਵੇਂ ਹੋਵੇਗਾ? ਇਲਾਕੇ ਦੇ ਮਦਰੱਸਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ। ਆਖਰਕਾਰ, ਪ੍ਰਸ਼ਾਸਨ ਅਤੇ ਹਿੰਦੂ ਸਮਾਜ ਦੀਆਂ ਨਜ਼ਰਾਂ ਵਿੱਚ ਮਦਰੱਸੇ ਹੀ ਅਸਦ ਵਰਗੇ ਲੋਕ ਪੈਦਾ ਕਰਦੇ ਹਨ! ਪਰ ਇਹ ਵੀ ਕਾਫੀ ਨਹੀਂ ਹੈ। ਕੁਝ ਹਿੰਦੂ ਗਰੁੱਪ ਸੜਕਾਂ 'ਤੇ ਘੁੰਮ ਕੇ ਮੁਸਲਮਾਨਾਂ ਦਾ ਕਤਲੇਆਮ ਕਰਨ ਦੀ ਧਮਕੀ ਦੇ ਰਹੇ ਹਨ। ਇਸ ਨੂੰ ਹਿੰਦੂ ਗੁੱਸੇ ਦਾ ਇੱਕ ਕੁਦਰਤੀ ਪ੍ਰਗਟਾਵਾ ਮੰਨਦੇ ਹੋਏ, ਪ੍ਰਸ਼ਾਸਨ ਨੇ ਇਸ ਨਫਰਤੀ ਪ੍ਰਚਾਰ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਹਿੰਦੂ ਔਰਤਾਂ ਮੰਗ ਕਰ ਰਹੀਆਂ ਹਨ ਕਿ ਮੁਸਲਿਮ ਔਰਤਾਂ ਨੂੰ ਨੰਗਾ ਕਰਕੇ ਉਨ੍ਹਾਂ ਨਾਲ ਬਲਾਤਕਾਰ ਕੀਤਾ ਜਾਵੇ।

ਮੁਸਲਮਾਨਾਂ ਨੂੰ ਸਿਰਫ ਇਸ ਨਫਰਤੀ ਪ੍ਰਚਾਰ ਦਾ ਹੀ ਸਾਹਮਣਾ ਨਹੀਂ ਕਰਨਾ ਪੈ ਰਿਹਾ। ਅਜਿਹੇ ਯੂਟਿਊਬਰਾਂ ਦੀ ਇੱਕ ਫੌਜ ਉੱਭਰੀ ਹੈ, ਜੋ ਰਿਪੋਰਟਿੰਗ ਦੇ ਨਾਂਅ 'ਤੇ ਮੁਸਲਮਾਨਾਂ ਨੂੰ ਫੜ ਕੇ ਉਨ੍ਹਾਂ ਤੋਂ ਅਸ਼ਲੀਲ ਅਤੇ ਭੜਕਾਊ ਸਵਾਲ ਪੁੱਛਦੇ ਹਨ। ਇਨ੍ਹਾਂ ਯੂਟਿਊਬਰਾਂ ਵਿੱਚ ਵੱਡੀ ਗਿਣਤੀ ਔਰਤਾਂ ਦੀ ਹੈ। ਉਹ ਮੁਸਲਮਾਨਾਂ ਨੂੰ ਬਹੁਤ ਹਮਲਾਵਰ ਢੰਗ ਨਾਲ ਜ਼ਬਰਦਸਤੀ ਰੋਕਦੀਆਂ ਹਨ ਅਤੇ ਉਨ੍ਹਾਂ ਦੇ ਮੂੰਹ ਵਿੱਚ ਮਾਈਕ੍ਰੋਫੋਨ ਧੱਕ ਦਿੰਦੀਆਂ ਹਨ। ਕੁੜੀਆਂ ਜਾਂ ਔਰਤਾਂ ਹੋਣ ਕਰਕੇ ਉਨ੍ਹਾਂ ਨੂੰ ਇਹ ਫਾਇਦਾ ਮਿਲਦਾ ਹੈ ਕਿ ਲੋਕ ਉਨ੍ਹਾਂ ਦੇ ਹਮਲੇ ਦਾ ਮੁਕਾਬਲਾ ਨਹੀਂ ਕਰ ਸਕਦੇ। ਉਨ੍ਹਾਂ ਨੂੰ ਰੋਕਣਾ ਔਰਤ ਦੀ ਇੱਜ਼ਤ 'ਤੇ ਹਮਲਾ ਮੰਨਿਆ ਜਾਵੇਗਾ। ਜੇ ਲੋਕ ਗੱਲ ਨਹੀਂ ਕਰਨਾ ਚਾਹੁੰਦੇ, ਤਾਂ ਉਹ ਉਨ੍ਹਾਂ 'ਤੇ ਹਮਲਾ ਕਰ ਦਿੰਦੀਆਂ ਹਨ। ਮੁਸਲਮਾਨ ਉਨ੍ਹਾਂ ਨੂੰ ਰੋਕਣ ਵਿੱਚ ਅਸਮਰੱਥ ਹਨ। ਉਨ੍ਹਾਂ ਦੇ ਸਵਾਲ ਕੀ ਹੁੰਦੇ ਹਨ, ਇਸ ਨੂੰ ਮੁਸਲਮਾਨਾਂ ਵਿਰੁੱਧ ਨਫਰਤ ਦੀ ਬਾਰਿਸ਼ ਸਮਝ ਸਕਦੇ ਹੋ।

ਮੁਸਲਮਾਨ ਇਸ ਹਿੰਸਾ ਅਤੇ ਨਫਰਤ ਦੇ ਚੌਤਰਫਾ ਹਮਲੇ ਦਾ ਸਾਹਮਣਾ ਕਿਵੇਂ ਕਰਨ। ਇਹ ਸਵਾਲ ਇੱਕ ਤਰ੍ਹਾਂ ਨਾਲ ਬੇਲੋੜਾ ਹੋ ਗਿਆ ਹੈ, ਕਿਉਂਕਿ ਉਨ੍ਹਾਂ ਨੇ ਹੁਣ ਇਹ ਮੰਨ ਲਿਆ ਹੈ ਕਿ ਮੁਸਲਮਾਨਾਂ ਵਿਰੁੱਧ ਨਫਰਤ ਸਿਰਫ ਭਾਰਤੀ ਜਨਤਾ ਪਾਰਟੀ ਜਾਂ ਰਾਸ਼ਟਰੀ ਸੋਇਮ ਸੇਵਕ ਸੰਘ ਤੱਕ ਸੀਮਤ ਨਹੀਂ ਹੈ। ਮੁਸਲਮ ਵਿਰੋਧੀ ਯੂਟਿਊਬਰ ਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦੀਆਂ ਹਰਕਤਾਂ ਨੂੰ ਵੱਡੀ ਗਿਣਤੀ ਵਿੱਚ ਹਿੰਦੂ ਖੁਸ਼ੀ ਨਾਲ ਦੇਖ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਆਮਦਨ ਹੁੰਦੀ ਹੈ। ਮੁਸਲਿਮ ਵਿਰੋਧੀ ਨਫਰਤ ਹੁਣ ਨਾ ਸਿਰਫ ਸਿਆਸੀ ਤੌਰ 'ਤੇ ਲਾਭਦਾਇਕ ਹੈ, ਸਗੋਂ ਆਰਥਿਕ ਤੌਰ 'ਤੇ ਵੀ ਲਾਭਦਾਇਕ ਹੈ। ਬਦਕਿਸਮਤੀ ਨਾਲ ਪ੍ਰਸ਼ਾਸਨ ਇਸ ਨੂੰ ਨਹੀਂ ਰੋਕ ਰਿਹਾ। ਮੁਸਲਮਾਨਾਂ ਵਿਰੁੱਧ ਖੁੱਲ੍ਹ ਕੇ ਬੋਲਣ ਵਾਲੇ ਅਧਿਕਾਰੀਆਂ, ਪੁਲਸ ਅਧਿਕਾਰੀਆਂ ਅਤੇ ਜੱਜਾਂ ਦੀ ਗਿਣਤੀ ਵਧ ਰਹੀ ਹੈ। ਬਹੁਤੀਆਂ ਸਿਆਸੀ ਪਾਰਟੀਆਂ ਇਸ ਦੀ ਖੁੱਲ੍ਹ ਕੇ ਆਲੋਚਨਾ ਨਹੀਂ ਕਰ ਰਹੀਆਂ। ਮੁਸਲਮਾਨਾਂ ਤੋਂ ਵੋਟਾਂ ਮੰਗਣ ਵਾਲੇ ਵੀ ਚੁੱਪ ਹਨ। ਉਨ੍ਹਾਂ ਕੋਲ ਆਪਣੇ ਹਿੰਦੂ ਵੋਟਰਾਂ ਨੂੰ ਇਹ ਦੱਸਣ ਦੀ ਹਿੰਮਤ ਨਹੀਂ ਹੈ ਕਿ ਇਹ ਨਫਰਤ ਅਤੇ ਹਿੰਸਾ ਸਵੀਕਾਰ ਕਰਨ ਯੋਗ ਨਹੀਂ ਹੈ।

## ਰੁੱਖ ਤਾਂ ਲਗਾਈਏ

ਚਲੋ ਧਰਤੀ ਦਾ ਕਰਜ਼ ਚੁਕਾਈਏ, ਰੁੱਖ ਤਾਂ ਲਗਾਈਏ।
ਹਰ ਇੱਕ ਸੁੰਨਾ ਵਿਹੜਾ ਮਹਿਕਾਈਏ, ਰੁੱਖ ਤਾਂ ਲਗਾਈਏ,
ਤਪਸ਼ਾਂ ਨਾਲ ਝੁਲਸੇ ਖੇਤ, ਨਦੀਆਂ ਤੇ ਜੰਗਲ-ਬੇਲੇ।
ਘਟਾਵਾਂ ਪਿਆਰ ਦੀਆਂ ਫਿਰ ਬੁਲਾਈਏ, ਰੁੱਖ ਤਾਂ ਲਗਾਈਏ,
ਪਰਿੰਦੇ ਲੱਭਦੇ ਫਿਰਦੇ ਨੇ ਨਾਵਾਂ ਤੇ ਟਿਕਾਣੇ।
ਉਨ੍ਹਾਂ ਵਾਸਤੇ ਵੀ ਘਰ ਬਣਾਈਏ, ਰੁੱਖ ਤਾਂ ਲਗਾਈਏ,
ਉਦਾਸੀ ਓੜ੍ਹ ਬੈਠੇ ਨੇ ਪਹਾੜ, ਖੇਤ ਤੇ ਜੰਗਲ ਸਾਰੇ।
ਹਰ ਇੱਕ ਚਿਹਰੇ 'ਤੇ ਹਰਖ ਲਿਆਈਏ, ਰੁੱਖ ਤਾਂ ਲਗਾਈਏ।
ਇਹੀ ਦੇਂਦੇ ਨੇ ਠੰਢੀ ਛਾਂ, ਇਹੀ ਸਾਹਾਂ ਦੇ ਨੇ ਰਾਖੇ,
ਮੁਹੱਬਤ ਦਾ ਇਨ੍ਹਾਂ ਨਾਲ ਫ਼ਰਜ਼ ਨਿਭਾਈਏ, ਰੁੱਖ ਤਾਂ ਲਗਾਈਏ।
ਧੂੰਏਂ ਨਾਲ ਘੁੱਟਦੇ ਮੌਸਮ ਨੂੰ ਕੁਝ ਰਾਹਤ ਮਿਲ ਜਾਵੇ,
ਹਵਾਵਾਂ ਵਿੱਚ ਨਵੀਂ ਖ਼ੁਸ਼ਬੂ ਰਚਾਈਏ, ਰੁੱਖ ਤਾਂ ਲਗਾਈਏ।
ਜੇ ਚਾਹੁੰਦੇ ਹਾਂ ਆਉਣ ਵਾਲੀਆਂ ਨਸਲਾਂ ਰਹਿਣ ਖੁਸ਼ਹਾਲ,
ਹਰਾ-ਭਰਾ ਜਹਾਨ ਉਨ੍ਹਾਂ ਨੂੰ ਦੇ ਜਾਈਏ, ਰੁੱਖ ਤਾਂ ਲਗਾਈਏ।
'ਅਮਰ' ਨੇਕੀ ਦਾ ਰਾਹ ਇਹ, ਇਬਾਦਤ ਤੋਂ ਨਹੀਂ ਘੱਟ,
ਦੁਆਵਾਂ ਕਾਦਰੋਂ ਖ਼ੂਬ ਕਮਾਈਏ, ਰੁੱਖ ਤਾਂ ਲਗਾਈਏ।

-ਅਮਰਜੀਤ ਦਸੂਹਾ, 89689-33711

# ਪੰਜਾਬ ਨੂੰ ਪਾਣੀ ਦੇ ਸੰਕਟ 'ਚੋਂ ਕਿਵੇਂ ਕੱਢਿਆ ਜਾਵੇ



ਗੁਰਚਰਨ ਸਿੰਘ ਨੂਰਪੁਰ

ਅਸੀਂ ਪੰਜਾਬੀਆਂ ਨੇ ਪਾਣੀ ਦੀ ਪਹਿਲੀ ਸਭ ਤੋਂ ਬਹੁਮੁੱਲੀ ਉਪਰਲੀ ਤਹਿ ਨੂੰ ਖਤਮ ਕਰ ਦਿੱਤਾ ਹੈ। ਇਹ ਸਾਫ-ਸੁਥਰਾ ਫਿਲਟਰ ਹੋਇਆ ਸਵੱਛ ਪਾਣੀ ਸੀ, ਜੋ ਧਰਤੀ ਤੋਂ ਜ਼ੀਰ ਕੇ ਜ਼ਮੀਨ ਵਿੱਚ ਜਾਂਦਾ ਸੀ। ਧਰਤੀ ਹੇਠਲੀ ਇਸ ਤਹਿ ਦਾ ਸਿੱਧਾ ਸਬੰਧ ਮੌਨਸੂਨ ਅਤੇ ਬਾਰਸ਼ਾਂ ਦੇ ਮੌਸਮਾਂ ਨਾਲ ਜੁੜਿਆ ਹੋਇਆ ਸੀ। ਅਸੀਂ ਪਾਣੀ ਦੀ ਬਹੁਮੁੱਲੀ ਤਹਿ ਨੂੰ ਹੀ ਖਤਮ ਨਹੀਂ ਕੀਤਾ, ਬਲਕਿ ਇਸ ਧਰਤੀ 'ਤੇ ਸਦੀਆਂ ਤੋਂ ਮੌਨਸੂਨੀ ਬਾਰਸ਼ਾਂ ਨਾਲ ਜੁੜੇ ਧਰਤੀ ਹੇਠਲੇ ਪਾਣੀ ਦੇ ਸਬੰਧ ਨੂੰ ਵੀ ਤੋੜ ਦਿੱਤਾ, ਜਿਸ ਦੇ ਬੜੇ ਭਿਆਨਕ ਸਿੱਟੇ ਸਾਡੇ ਸਾਹਮਣੇ ਆ ਰਹੇ ਹਨ।

ਹੁਣ ਅਸੀਂ ਮੱਛੀ ਮੋਟਰਾਂ ਨਾਲ ਖਿੱਚਿਆ ਪਾਣੀ ਪੀ ਰਹੇ ਹਾਂ। ਪਾਈਪਾਂ ਦੇ ਟੋਟੇ ਪਾ ਕੇ ਮੱਛੀ ਮੋਟਰਾਂ ਨੂੰ ਹਰ ਸਾਲ ਹੋਰ ਨੀਵਾਂ ਕਰ ਰਹੇ ਹਾਂ। ਅਸੀਂ ਕਿੰਨੇ ਕੁ ਪਾਈਪਾਂ ਦੇ ਟੋਟੇ ਪਾਉਂਦੇ ਰਹਾਂਗੇ? ਕੁਝ ਦਹਾਕੇ ਪਹਿਲਾਂ ਸਮੁੱਚੇ ਪੰਜਾਬ ਵਿੱਚ ਹਰ ਘਰ ਵਿੱਚ ਨਲਕਾ ਹੁੰਦਾ ਸੀ। ਨਲਕਿਆਂ ਦਾ ਪਾਣੀ ਪੀਂਦਿਆਂ ਕਦੇ ਨਹੀਂ ਸੋਚਿਆ ਸੀ ਨਲਕੇ ਇੱਕ ਦਿਨ ਸੁੱਕ ਜਾਣਗੇ। ਨਲਕੇ ਸੁੱਕ ਗਏ ਤੇ ਨਲਕਿਆਂ ਵਾਂਗ ਮੱਛੀ ਮੋਟਰਾਂ ਵੀ ਬੜੀ ਜਲਦੀ ਪਾਣੀ ਤੋਂ ਜਵਾਬ ਦੇ ਜਾਣਗੀਆਂ। ਸਾਨੂੰ ਭਰਮ ਹੈ ਕਿ ਮੱਛੀ ਮੋਟਰਾਂ ਦਾ ਪਾਣੀ ਸਦੀਵੀ ਹੈ, ਪਰ ਅਸੀਂ ਇਸ ਭਰਮ ਚੋਂ ਜਿੰਨੀ ਜਲਦੀ ਬਾਹਰ ਆ ਜਾਈਏ, ਓਨਾ ਹੀ ਚੰਗਾ ਹੈ।

ਅਸੀਂ ਪਾਣੀ ਦੀ ਮਹੱਤਤਾ ਨੂੰ ਨਹੀਂ ਸਮਝਿਆ। ਬਹੁਤੀ ਦੇਰ ਨਹੀਂ ਹੋਈ ਵੀਹ ਕੁ ਸਾਲ ਪਹਿਲਾਂ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਪੰਜਾਬ ਵਿੱਚ ਜ਼ਮੀਨਾਂ ਦੇ ਭਾਅ ਦੋ ਤੋਂ ਡੇਢ ਲੱਖ ਪ੍ਰਤੀ ਏਕੜ ਹੋ ਗਏ ਸਨ। ਕਾਰਨ ਸ਼ਾਇਦ ਕੁਝ ਹੋਰ ਵੀ ਹੋਣਗੇ, ਪਰ ਸਭ ਤੋਂ ਵੱਡਾ ਕਾਰਨ ਜ਼ਮੀਨ ਦੀ ਪਹਿਲੀ ਤਹਿ ਤੋਂ ਪਾਣੀ ਦਾ ਖਤਮ ਹੋ ਜਾਣਾ ਸੀ। ਅਸੀਂ ਧਰਤੀ ਹੇਠਲੀ ਪਾਣੀ ਦੀ ਪਹਿਲੀ ਤਹਿ ਨੂੰ ਖਤਮ ਕਰ ਲਿਆ ਸੀ। ਜ਼ਮੀਨਾਂ ਅਰਥਹੀਣ ਜਾਪਣ ਲੱਗੀਆਂ ਸਨ, ਜਿਸ ਦੇ ਫਲਸਰੂਪ ਜ਼ਮੀਨਾਂ ਦੇ ਭਾਅ ਤੇਜ਼ੀ ਨਾਲ ਹੇਠਾਂ ਆ ਗਏ। ਇੱਥੋਂ ਅਸੀਂ ਸਮਝ ਸਕਦੇ ਹਾਂ ਕਿਸੇ ਖਿੱਤੇ ਦੇ ਲੋਕਾਂ ਦੀਆਂ ਜ਼ਮੀਨਾਂ ਜਾਇਦਾਦਾਂ, ਕਾਰਾਂ, ਕੋਠੀਆਂ ਦਾ ਮੁੱਲ ਧਰਤੀ ਹੇਠਲੇ ਪਾਣੀ ਨਾਲ ਜੁੜਿਆ ਹੋਇਆ ਹੈ। ਜੇਕਰ ਧਰਤੀ ਹੇਠਾਂ ਪਾਣੀ ਨਹੀਂ ਤਾਂ ਸਭ ਕੁਝ ਮਿੱਟੀ ਹੋ ਸਕਦਾ ਹੈ। ਤੁਸੀਂ ਕਹੋਗੇ ਕਿ ਕਈ ਧਰਤੀਆਂ ਅਜਿਹੀਆਂ ਹਨ, ਜਿੱਥੇ ਧਰਤੀ ਹੇਠਾਂ ਪਾਣੀ ਨਹੀਂ, ਪਰ ਉੱਥੇ ਵੀ ਸ਼ਹਿਰ ਵਸੇ ਹੋਏ ਹਨ, ਸਾਨੂੰ ਇਹ ਸਮਝਣਾ ਚਾਹੀਦਾ ਹੈ ਉਹਨਾਂ ਇਲਾਕਿਆਂ ਵਿੱਚ ਹੋਰ ਵੱਖਰੀ ਤਰ੍ਹਾਂ ਦੇ ਖਣਿਜ ਹਨ, ਕਿਤੇ ਤੇਲ ਨਿਕਲ ਰਿਹਾ ਹੈ, ਕਿਤੇ ਮਾਰਬਲ ਹੈ ਅਤੇ ਕਿਤੇ ਕੁਝ ਹੋਰ। ਸਾਡੀ ਜ਼ਮੀਨ ਚੰਗੀਆਂ ਫਸਲਾਂ ਅਨਾਜ ਪੈਦਾ ਕਰਨ ਦੇ ਸਮਰੱਥ ਹੈ। ਇਸ ਲਈ ਇਸ ਦੀ ਸਭ ਤੋਂ ਵੱਡੀ ਲੋੜ ਪਾਣੀ ਹੈ।

ਇਸ ਸਮੇਂ ਪਾਣੀ ਸੰਬੰਧੀ ਮਿਲਣ ਵਾਲੀਆਂ ਖਬਰਾਂ ਬੜੀਆਂ ਦਿਲ-ਕੰਬਾਊ ਹਨ। ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮਾਹੂਆਣਾ ਦੇ ਇੱਕ 37 ਸਾਲਾ ਕਿਸਾਨ ਬਲਜੀਤ ਸਿੰਘ ਖੇਤ ਟਾਹਲੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਕਾਰਨ ਇਹ ਸੀ ਕਿ ਔੜ ਲੱਗੀ ਹੋਈ ਸੀ। ਟਿਊਬਵੈੱਲ ਪਾਣੀ ਤੋਂ ਜਵਾਬ ਦੇ ਗਿਆ ਸੀ। ਝੋਨੇ ਦੇ ਖੇਤ ਵਿੱਚੋਂ ਪਾਣੀ ਸੁੱਕ ਗਿਆ ਸੀ। ਸੰਗਰੂਰ ਜ਼ਿਲ੍ਹੇ ਅਲੋਅਰਖ ਪਿੰਡ ਦੀ ਖਬਰ ਸਾਰੇ ਅਖਬਾਰਾਂ ਤੋਂ ਇਲਾਵਾਂ ਸੋਸ਼ਲ ਮੀਡੀਆ 'ਤੇ ਵੀ ਛਾਈ ਰਹੀ। ਇੱਥੇ ਇੱਕ ਬੋਰ ਵਿੱਚੋਂ ਕਾਲਾ ਪਾਣੀ ਨਿਕਲ ਰਿਹਾ ਹੈ, ਆਲੇ ਦੁਆਲੇ ਦੇ ਲੋਕ ਭੈਅਭੀਤ ਹੋ ਰਹੇ ਹਨ। ਕੁਝ ਸਾਲ ਪਹਿਲਾਂ ਪੰਜਾਬ ਦੇ ਦਰਿਆਵਾਂ ਵਿੱਚ ਪੈਂਦੇ ਪਲੀਤ ਪਾਣੀ ਦੇ ਵਿਰੋਧ ਵਿੱਚ ਲੁਧਿਆਣੇ ਬੁੱਢੇ ਨਾਲੇ ਨੂੰ ਵੇਖਣ ਦਾ ਮੌਕਾ ਮਿਲਿਆ। ਇੱਥੇ ਅਸੀਂ ਦੇਖਿਆ ਕਿ ਲਧਿਆਣਾ ਸ਼ਹਿਰ ਦੀ ਜ਼ਮੀਨ ਹੇਠੋਂ ਸਾਫ ਪਾਣੀ ਬੋਰਾਂ ਰਾਹੀਂ ਨਿਕਲ ਕੇ ਫੈਕਟਰੀਆਂ ਵਿੱਚ ਅਤਿ ਪਲੀਤ ਹੁੰਦਾ ਹੈ। ਫਿਰ ਇਹ ਗੰਦਾ ਗਾਹੜਾ ਪਾਣੀ ਇੱਕ ਵੱਡੀ ਨਹਿਰ ਰਾਹੀਂ ਜਿਸ 'ਤੇ ਕੁਝ ਕਿਲੋਮੀਟਰ ਛੱਤ ਪਾਈ ਹੋਈ ਹੈ, ਸਤਲੁਜ ਦਰਿਆ ਵਿੱਚ ਸੁੱਟਿਆ ਜਾ ਰਿਹਾ ਹੈ। ਇੱਥੇ ਇਹ ਸਭ ਕੁਝ ਵੇਖ ਕੁਦਰਤ ਪੱਖੀ ਸੋਚ ਰੱਖਣ ਵਾਲੇ ਮਨੁੱਖ ਦਾ ਦਿਮਾਗ ਸੁੰਨ ਹੋ ਜਾਂਦਾ ਹੈ ਕਿ ਏਨੀ ਵੱਡੀ ਨਹਿਰ ਪੰਜਾਬ ਦੇ ਕੇਂਦਰ ਲੁਧਿਆਣੇ 'ਚੋਂ ਰੋਜ਼ ਧਰਤੀ ਦੇ ਹੇਠੋਂ ਕੱਢ ਕੇ ਬਰਬਾਦ ਕਰਕੇ ਇਸ ਨੂੰ ਹੋਰ ਪਾਣੀ ਨੂੰ ਬਰਬਾਦ ਗੰਦਲਾ ਕਰਨ ਲਈ ਦਰਿਆ ਵਿੱਚ ਪਾਇਆ ਜਾ ਰਿਹਾ ਹੈ। ਇਹ ਨਹਿਰ ਨਿਰੰਤਰ ਹਾੜ੍ਹ-ਸਿਆਲ ਵਗ ਰਹੀ ਹੈ। ਇਹ ਹਜ਼ਾਰਾਂ ਜੀਵਾਂ ਦੀ ਮੌਤ ਅਤੇ ਮਨੁੱਖਾਂ ਦੇ ਵੱਖ-ਵੱਖ ਭਿਆਨਕ ਰੋਗਾਂ ਦਾ ਕਾਰਨ ਬਣ ਰਹੀ ਹੈ। ਦੂਜੇ ਪਾਸੇ ਇਸ ਦਾ ਭਾਵ ਇਹ ਹੈ ਕਿ ਸੈਂਕੜੇ ਕਿਊਸਕ ਪਾਣੀ ਬਿਨਾਂ ਰੋਕ-ਟੋਕ ਧਰਤੀ ਹੇਠੋਂ ਕੱਢ ਕੇ ਪਲੀਤ ਕਰਕੇ ਪੀਣ ਵਾਲੇ ਹੋਰ ਪਾਣੀ ਨੂੰ ਪਲੀਤ ਕਰਨ ਲਈ ਬਿਨਾਂ ਰੋਕ-ਟੋਕ ਵਹਿ ਰਿਹਾ ਹੈ।

ਜੇਕਰ ਪੰਜਾਬ ਦੇ ਹੋਰ ਸ਼ਹਿਰਾਂ ਵੱਲੋਂ ਕੀਤੀ ਜਾ ਰਹੀ ਪਾਣੀ ਦੀ ਅੰਨ੍ਹੀ ਵਰਤੋਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਝੋਨੇ ਵਿੱਚ ਵਰਤੇ ਜਾਣ ਵਾਲਾ ਪਾਣੀ ਕਿਤੇ ਵੱਧ ਹੈ। ਪਾਣੀ ਦੀ ਇਸ ਤਰ੍ਹਾਂ ਹੁੰਦੀ ਬਰਬਾਦੀ ਨੂੰ ਤੁਰੰਤ ਰੋਕੇ ਜਾਣ ਦੀ ਲੋੜ ਹੈ। ਫੈਕਟਰੀਆਂ ਦੇ ਗੰਦੇ ਪਾਣੀ ਨੂੰ ਦੁਬਾਰਾ ਟਰੀਟ ਕਰਕੇ ਫੈਕਟਰੀਆਂ ਵਿੱਚ ਹੀ ਵਾਰ-ਵਾਰ ਵਰਤਿਆ ਜਾਣਾ ਚਾਹੀਦਾ ਹੈ। ਇਸ ਨਾਲ ਇੱਕ ਤਾਂ ਪਾਣੀ ਦੇ ਦੂਜੇ ਸੋਮੇ ਪਲੀਤ ਹੋਣ ਤੋਂ ਕੁਝ ਹੱਦ ਤੱਕ ਬਚ ਸਕਦੇ ਹਨ, ਦੂਜਾ ਧਰਤੀ ਹੇਠੋਂ ਅੰਨ੍ਹੇਵਾਹ ਪਾਣੀ ਕੱਢੇ ਜਾਣ ਨੂੰ ਕੁਝ ਠੱਲ੍ਹ ਪੈ ਸਕਦੀ ਹੈ।

ਬਠਿੰਡਾ-ਅੰਮ੍ਰਿਤਸਰ ਹਾਈਵੇ ਤੋਂ ਫਿਰੋਜ਼ਪੁਰ ਜ਼ਿਲ੍ਹੇ ਦਾ ਇੱਕ ਛੋਟਾ ਇਤਿਹਾਸਕ ਕਸਬਾ ਹੈ ਮੁੱਦਕੀ। ਇਸ ਕਸਬੇ ਦੇ ਨੇੜੇ ਪੈਂਦੇ ਪਿੰਡ ਕਬਰਵੱਛਾ ਵਿੱਚ ਰਹਿੰਦੇ ਆਪਣੇ ਇੱਕ ਅਧਿਆਪਕ ਮਿੱਤਰ ਨੂੰ ਸਵੇਰੇ-ਸਵੇਰੇ ਫੋਨ ਕੀਤਾ। ਫੋਨ ਉਸ ਦੀ ਘਰਵਾਲੀ ਨੇ ਉਠਾਇਆ ਤੇ ਉਸ ਕਿਹਾ ਕਿ ਉਹ ਪਾਣੀ ਲੈਣ ਗਏ ਹੋਏ ਹਨ। ਸ਼ਾਮ ਨੂੰ ਉਸੇ ਦੋਸਤ ਨਾਲ ਗੱਲ ਹੋਈ ਤਾਂ ਉਸ ਦੱਸਿਆ ਕਿ ਸਾਰਾ ਪਿੰਡ ਰਾਜਸਥਾਨ ਫੀਡਰ ਨਹਿਰ ਦੇ ਕਿਨਾਰੇ 'ਤੇ ਲੱਗੇ ਨਲਕਿਆਂ ਤੋਂ ਪਾਣੀ ਲੈ ਕੇ ਆਉਂਦਾ ਹੈ। ਦਸ-ਬਾਰਾਂ ਸਾਲ ਪਹਿਲਾਂ ਇਸ ਪਿੰਡ ਦੇ ਲੋਕ ਪਿੰਡ ਦੀ ਜ਼ਮੀਨ ਹੇਠੋਂ ਪਾਣੀ ਕੱਢ ਕੇ ਪੀਂਦੇ ਤੇ ਵਰਤਦੇ ਸਨ।, ਪਰ ਹੁਣ ਇਹ ਇਕੱਲਾ ਪਿੰਡ ਨਹੀਂ ਫਿਰੋਜ਼ਪੁਰ, ਫਰੀਦਕੋਟ ਅਤੇ ਮੁਕਤਸਰ ਸਾਹਿਬ ਅਨੇਕਾਂ ਪਿੰਡ ਹਨ, ਜੋ ਹਰ ਰੋਜ਼ ਸਵੇਰੇ ਨਹਿਰਾਂ ਦੇ ਨੇੜੇ ਲੱਗੇ ਨਲਕਿਆਂ ਤੋਂ ਪਾਣੀ ਭਰ ਕੇ ਲਿਆਉਂਦੇ ਹਨ।

ਇਸ ਸਮੇਂ ਦੇਸ਼ ਵਿੱਚ ਪਾਣੀ ਦੀ ਇੱਕ ਲੀਟਰ ਬੋਤਲ ਦਾ ਮੁੱਲ 20 ਤੋਂ 25 ਰੁਪਏ ਹੈ। ਕੁਝ ਹਿੱਲ ਸਟੇਸ਼ਨਾਂ, ਮਹਿੰਗੇ ਹੋਟਲਾਂ ਅਤੇ ਹੋਰ ਖਾਸ ਥਾਵਾਂ 'ਤੇ ਇਹ ਰੇਟ 30 ਤੋਂ 35 ਰੁਪਏ ਪ੍ਰਤੀ ਬੋਤਲ ਵੀ ਹੈ। ਇਸ ਸਮੇਂ ਅੰਤਰਰਾਸ਼ਟਰੀ ਮੰਡੀ ਵਿੱਚ ਕੱਚੇ ਤੇਲ ਦਾ ਮੁੱਲ 30 ਤੋਂ 32 ਰੁਪਏ ਲੀਟਰ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਇਹ ਥੋੜ੍ਹਾ ਜਿਹਾ ਫਰਕ ਅਗਲੇ ਕੁਝ ਸਾਲਾਂ ਵਿੱਚ ਖਤਮ ਹੋ ਜਾਵੇਗਾ, ਪਰ ਫਿਲਹਾਲ ਇਸ ਪਾਸੇ ਕਿਸੇ ਦਾ ਕੋਈ ਧਿਆਨ ਨਹੀਂ। ਜੇਕਰ ਕਿਸੇ ਨੂੰ ਇਹ ਸਵਾਲ ਕੀਤਾ ਜਾਵੇ ਕਿ ਬੰਦੇ ਦੀ ਜ਼ਿੰਦਗੀ ਲਈ ਪਾਣੀ ਅਤੇ ਪੈਟਰੋਲ ਦੋਹਾਂ 'ਚੋਂ ਕੀਮਤੀ ਵਸਤ ਕਿਹੜੀ ਹੈ? ਤਾਂ ਨਿਸਚਿਤ ਹੈ ਸਾਡਾ ਜਵਾਬ ਪਾਣੀ ਹੋਵੇਗਾ।

ਭਵਿੱਖ ਵਿੱਚ ਪਾਣੀ ਅਤੇ ਤੇਲ ਦੇ ਭਾਅ ਦਾ ਫਰਕ ਹੀ ਨਹੀਂ ਮਿਟੇਗਾ, ਬਲਕਿ ਹੋ ਸਕਦਾ ਹੈ ਕਿ ਇੱਕ ਦਿਨ ਤੇਲ ਨਾਲੋਂ ਪੀਣ ਵਾਲੇ ਪਾਣੀ ਦੀ ਕੀਮਤ ਵਧ ਜਾਵੇ। ਭਵਿੱਖ ਵਿੱਚ ਅਮੀਰੀ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਕਰੇਗੀ। ਭਵਿੱਖ ਵਿੱਚ ਦੁਨੀਆ ਭਰ ਵਿੱਚ ਟੈਸਲਾ ਮੋਟਰ ਵਰਗੀਆਂ ਕੁਝ ਕੰਪਨੀਆਂ ਬੜੀ ਜੋਸ਼ ਓ ਖਰੋਸ਼ ਨਾਲ ਦਾਖਲ ਹੋ ਰਹੀਆਂ ਹਨ, ਜਿਹਨਾਂ ਡੀਜ਼ਲ, ਪੈਟਰੋਲ ਤੋਂ ਬਗੈਰ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਬਜ਼ਾਰ ਵਿੱਚ ਉਤਾਰ ਦਿੱਤੀਆਂ ਹਨ। ਡਰਾਈਵਰ ਲੈੱਸ ਇਹ ਕਾਰਾਂ ਆਸਟਰੇਲੀਆ, ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਵਿੱਚ ਸੜਕਾਂ 'ਤੇ ਦੌੜਨ ਲੱਗੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਦੀ ਸਮਰੱਥਾ ਪੈਟਰੋਲ ਵਾਲੀਆਂ ਕਾਰਾਂ ਨਾਲੋਂ ਵੀ ਵੱਧ ਹੈ। ਕਾਰਾਂ ਹੀ ਨਹੀਂ, ਬਲਕਿ ਭਾਰੇ ਵਾਹਨ ਵੀ ਭਵਿੱਖ ਵਿੱਚ ਬਿਜਲੀ ਨਾਲ ਚਾਰਜ ਹੋ ਕੇ ਚੱਲਣਗੇ। ਬਹੁਤ ਜਲਦੀ ਦੁਨੀਆਂ ਭਰ ਵਿੱਚ ਪੈਟਰੋਲ ਅਤੇ ਡੀਜ਼ਲ 'ਤੇ ਨਿਰਭਰਤਾ ਘੱਟ ਹੋਣ ਜਾ ਰਹੀ ਹੈ। ਸਰਕਾਰਾਂ ਅਤੇ ਤੇਲ ਕੰਪਨੀਆਂ ਦੀ ਇਹ ਕੋਸ਼ਿਸ਼ ਹੈ ਕਿ ਜਿੰਨੀ ਦੇਰ ਇਹ ਤੇਲ ਦਾ ਧੰਦਾ ਚੱਲਦਾ ਹੈ, ਇਸ ਤੋਂ ਵੱਧ ਤੋਂ ਵੱਧ ਕਮਾਈ ਕਰ ਲਈ ਜਾਵੇ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਇਸ ਸਮੇਂ ਸਰਕਾਰਾਂ ਅਤੇ ਤੇਲ ਕੰਪਨੀਆਂ ਤੇਲ 'ਤੇ ਬੇਰਿਹਮ ਹੋ ਕੇ ਦੂਣੇ-ਚੌਣੇ ਟੈਕਸ ਲਾ ਕੇ ਲੋਕਾਂ ਦਾ ਵੱਧ ਤੋਂ ਵੱਧ ਤੇਲ ਕੱਢਣ ਲਈ ਯਤਨਸ਼ੀਲ ਹਨ।

ਜੇਕਰ ਅਸੀਂ ਸੁਹਿਰਦ ਹੋਈਏ ਤਾਂ ਪਾਣੀ ਦੇ ਧਰਤੀ ਹੇਠਲੇ ਲੈਵਲ ਨੂੰ ਸੁਧਾਰਿਆ ਜਾ ਸਕਦਾ ਹੈ। ਇਸ ਸੰਬੰਧੀ ਸਭ ਤੋਂ ਵੱਧ ਲੋਕਾਂ ਨੂੰ ਸੁਹਿਰਦ ਹੋਣ ਦੀ ਲੋੜ ਹੈ। ਫੈਕਟਰੀਆਂ, ਕਾਰਖਾਨਿਆਂ ਵਿੱਚ ਵਰਤੇ ਜਾਣ ਵਾਲੇ ਪਾਣੀ ਨੂੰ ਟਰੀਟ ਕਰਕੇ ਦੁਬਾਰਾ ਵਰਤਿਆ ਜਾਵੇ। ਸਰਕਾਰ ਝੋਨੇ ਦੀ ਫਸਲ ਦੀ ਥਾਂ ਹੋਰ ਫਸਲਾਂ 'ਤੇ ਐਮ ਐਸ ਪੀ ਦੇਵੇ। ਖੇਤੀ ਲਈ ਧਰਤੀ ਹੇਠਲੇ ਪਾਣੀ ਦੀ ਬਜਾਏ ਨਹਿਰੀ ਪਾਣੀ ਨੂੰ ਤਰਜੀਹ ਦਿੱਤੀ ਜਾਵੇ। ਦਰਿਆਵਾਂ ਵਿੱਚ ਲਗਾਤਾਰ ਸੁੱਟੇ ਜਾਂਦੇ ਜ਼ਹਿਰੀਲੇ ਮਾਦੇ ਨੂੰ ਤੁਰੰਤ ਰੋਕਿਆ ਜਾਵੇ। ਹਰ ਪਿੰਡ ਵਿੱਚ ਛੱਪੜਾਂ ਨੂੰ ਡੂੰਘਾ ਕਰਕੇ ਇਹਨਾਂ ਦੀ ਖਲਾਈ ਕੀਤੀ ਜਾਵੇ। ਹਰ ਪਿੰਡ ਵਿੱਚ ਬਾਰਿਸ਼ ਦੇ ਪਾਣੀ ਨੂੰ ਸੰਭਾਲਣ ਲਈ ਰੇਤ ਦੇ ਵਿਸ਼ਾਲ ਫਿਲਟਰ ਬਣਾ ਕੇ ਬਾਰਸ਼ ਦੇ ਪਾਣੀ ਨੂੰ ਫਿਲਟਰ ਕਰਕੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਪ੍ਰਬੰਦ ਕੀਤੇ ਜਾਣ। ਬਾਰਸ਼ਾਂ ਵਿੱਚ ਵਹਿਣ ਵਾਲੀਆਂ ਛੋਟੀਆਂ ਛੋਟੀਆਂ ਨਦੀਆਂ, ਨੈਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਰੁੱਖਾਂ ਨੂੰ ਲਗਾਉਣ ਦੇ ਨਾਲ-ਨਾਲ ਪਾਲਣ ਲਈ ਵਿਸ਼ੇਸ਼ ਪ੍ਰੋਗਰਾਮ ਬਣਾ ਕੇ ਢੁਕਵੇਂ ਯਤਨ ਕੀਤੇ ਜਾਣ। ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਹਨ, ਜਿੱਥੇ ਧਰਤੀ ਹੇਠਲਾ ਪਾਣੀ ਸੁੱਕ ਗਿਆ ਅਤੇ ਸੂਝਵਾਨ ਲੋਕਾਂ ਨੇ ਇਕੱਠੇ ਹੋ ਕੇ ਇਸ ਨੂੰ ਦੁਬਾਰਾ ਹਾਸਿਲ ਕਰਨ ਵਿੱਚ ਸਫਲਤਾ ਹਾਸਲ ਕੀਤੀ। ਮੌਨਸੂਨ ਬਾਰਸ਼ਾਂ ਅਤੇ ਝੜੀਆਂ ਲਈ ਇਹ ਬੜਾ ਜ਼ਰੂਰੀ ਹੈ ਕਿ ਵੱਧ ਵੱਧ ਤੋਂ ਰੁੱਖ ਲਾਏ ਜਾਣ।

# ਸੰਪਰਕ : 98550-51099

# ਪੰਜਾਬ 'ਚ ਭਾਜਪਾ ਦੇ ਰੱਥ ਦੀ ਰਫਤਾਰ ਹੋਈ ਹੌਲੀ



ਡਾ. ਅਰੁਣ ਮਿਤਰਾ

ਪੰਜਾਬ ਦੇ ਨਗਰ ਨਿਗਮ ਅਤੇ ਨਗਰ ਕੌਂਸਲ ਦੀਆਂ ਚੋਣਾਂ ਦੇ ਨਤੀਜਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਦੀ ਵਿਧਾਨ ਸਭਾ ਚੋਣਾਂ ਦੇ ਵਿੱਚ ਇਕੱਲੇ ਤੌਰ 'ਤੇ ਜਿੱਤਣ ਦੀ ਮਨਸ਼ਾ ਪੂਰੀ ਨਹੀਂ ਹੋਣੀ। ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਬਾਕੀ ਸੂਬਿਆਂ ਵਾਂਗ ਪੰਜਾਬ ਵਿੱਚ ਉਹਨਾਂ ਦੀਆਂ ਕੋਝੀਆਂ ਚਾਲਾਂ ਸਫਲ ਨਹੀਂ ਹੋਣਗੀਆਂ। ਪਿਛਲੇ ਦਿਨੀਂ ਉਨ੍ਹਾਂ ਵੱਖ-ਵੱਖ ਡੇਰਿਆਂ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਰਾਹੀਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਕਰਨ ਦੇ ਯਤਨ ਜਾਰੀ ਹਨ। ਉਨ੍ਹਾਂ 'ਸਾਮ, ਦਾਮ, ਦੰਡ, ਭੇਦ' ਵਾਲੀ ਨੀਤੀ ਦੇ ਸਾਰੇ ਹੱਥਕੰਡੇ ਅਪਣਾਏ, ਜਿਸ ਨੂੰ ਉਹ ਚਾਣਕਿਆ ਦੇ ਜਿੱਤ ਹਾਸਲ ਕਰਨ ਵਾਲੇ ਫ਼ਲਸਫ਼ੇ ਨਾਲ ਜੋੜਦੇ ਹਨ। ਇਸੇ ਲਈ ਭਾਜਪਾ ਵੋਟਾਂ ਹਾਸਲ ਕਰਨ ਲਈ ਫਿਰਕੂ ਅਤੇ ਵੰਡ ਪੈਦਾ ਕਰਨ ਵਾਲੇ ਨਾਅਰੇ ਲਗਾਉਂਦੀ ਰਹੀ ਹੈ।

ਵੱਖ-ਵੱਖ ਸੰਵਿਧਾਨਕ ਸੰਸਥਾਵਾਂ ਦੀ ਵਰਤੋਂ ਕਰਕੇ ਅਤੇ ਲੋਕਾਂ ਨੂੰ ਧਮਕਾ ਕੇ ਦਲ-ਬਦਲ ਨੂੰ ਉਤਸ਼ਾਹਤ ਕਰ ਰਹੀ ਹੈ। ਸਭ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਛੱਡ ਕੇ ਭਾਜਪਾ ਦਾ ਦਾਮਨ ਫੜਿਆ। ਫਿਰ ਰਵਨੀਤ ਸਿੰਘ ਬਿੱਟੂ, ਜੋ ਕਿ ਬੇਅੰਤ ਸਿੰਘ ਦੇ ਪੋਤੇ ਹਨ, ਜਿਨ੍ਹਾਂ ਨੇ ਦਹਿਸ਼ਤਗਰਦਾਂ ਦੇ ਖ਼ਿਲਾਫ਼ ਲੜਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ ਅਤੇ ਪੰਜਾਬ ਵਿੱਚ ਅਮਨ ਕਾਇਮ ਕੀਤਾ ਸੀ, ਉਹ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ। ਇਹ ਰਵਨੀਤ ਬਿੱਟੂ ਵੱਲੋਂ ਬਹੁਤ ਹੀ ਸ਼ਰਮਨਾਕ ਕਦਮ ਸੀ, ਜਿਸ ਨਾਲ ਪਰਵਾਰ ਦੀ ਪਰੰਪਰਾ ਨੂੰ ਠੇਸ ਪਹੁੰਚੀ। ਸੁਨੀਲ ਜਾਖੜ, ਜੋ ਆਪਣੇ ਆਪ ਨੂੰ ਕਾਂਗਰਸ ਵਿੱਚ ਅਣਡਿੱਠਾ ਮਹਿਸੂਸ ਕਰ ਰਹੇ ਸਨ, ਭਾਜਪਾ ਵਿੱਚ ਸ਼ਾਮਲ ਹੋਏ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਬਣਾਏ ਗਏ। ਹੁਣ ਉਨ੍ਹਾ ਦੀ ਥਾਂ 'ਜੱਟ ਸਿੱਖ' ਅਤੇ ਬਰਨਾਲਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਲਾਇਆ ਗਿਆ ਹੈ। ਇਸ ਨਾਲ ਭਾਜਪਾ ਦੀ 'ਵਰਤੋ ਅਤੇ ਸੁੱਟੋ' ਦੀ ਨੀਤੀ ਸਾਹਮਣੇ ਆਉਂਦੀ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵੀ ਭਾਜਪਾ ਵਿੱਚ ਸ਼ਾਮਲ ਹੋਏ ਹਨ। ਪੰਜਾਬ ਸਰਕਾਰ ਦੇ ਮੰਤਰੀ ਸੰਜੀਵ ਅਰੋੜਾ ਨੂੰ ਕੇਂਦਰੀ ਏਜੰਸੀਆਂ ਵੱਲੋਂ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ। ਵਾਰ-ਵਾਰ ਸਾਬਕਾ ਕਾਂਗਰਸੀਆਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਉਣਾ ਇਹ ਦਰਸਾਉਂਦਾ ਹੈ ਕਿ ਸੂਬੇ ਵਿੱਚ ਭਾਜਪਾ ਕੋਲ ਆਪਣੀ ਮਜ਼ਬੂਤ ਲੀਡਰਸ਼ਿਪ ਦੀ ਘਾਟ ਹੈ।

ਇਹ ਸਭ ਕੁਝ ਭਾਜਪਾ ਹਿੰਦੂ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਕਰ ਰਹੀ ਹੈ, ਪਰ ਨਗਰ ਪੰਚਾਇਤ ਚੋਣਾਂ ਵਿੱਚ ਉਸ ਦੀ ਮਾੜੀ ਕਾਰਗੁਜ਼ਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਨਾ ਸਿਰਫ਼ ਜਨਸੰਖਿਆਕ ਪੱਖੋਂ, ਸਗੋਂ ਸੋਚ ਦੇ ਪੱਖੋਂ ਵੀ ਵੱਖਰਾ ਹੈ। ਪੰਜਾਬ ਦਾ ਇਤਿਹਾਸ ਹਮਲਾਵਰਾਂ ਦੇ ਖ਼ਿਲਾਫ਼ ਲੜਾਈ ਅਤੇ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਵੱਡੀਆਂ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ।

ਵੰਡ ਦੇ ਸਮੇਂ ਬਰਤਾਨਵੀ ਸਾਮਰਾਜੀਆਂ ਦੁਆਰਾ ਭੜਕਾਏ ਗਏ ਦੰਗਿਆਂ ਵਿੱਚ ਲਗਭਗ 25 ਲੱਖ ਹਿੰਦੂ, ਸਿੱਖ ਅਤੇ ਮੁਸਲਮਾਨ ਮਾਰੇ ਗਏ ਸਨ, ਪਰ ਉਸ ਤੋਂ ਬਾਅਦ ਪੰਜਾਬ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਕੋਈ ਦੁਸ਼ਮਣੀ ਨਹੀਂ ਦੇਖੀ ਗਈ। ਲੋਕ ਮਲੇਰਕੋਟਲਾ ਦੇ 'ਹਾਅ ਦਾ ਨਾਅਰਾ' ਗੁਰਦੁਆਰਾ ਅਤੇ ਮਾਛੀਵਾੜਾ ਵਿੱਚ ਗਨੀ ਖ਼ਾਨ ਅਤੇ ਨਬੀ ਖ਼ਾਨ ਦੀ ਯਾਦ ਵਿੱਚ ਬਣੇ ਗੁਰਦੁਆਰੇ ਦਾ ਸਤਿਕਾਰ ਕਰਦੇ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਔਰੰਗਜ਼ੇਬ ਦੀ ਕੈਦ ਤੋਂ ਬਚਣ ਵਿੱਚ ਮਦਦ ਕੀਤੀ ਸੀ। ਪੰਜਾਬ ਵਿੱਚ ਵੱਖਵਾਦੀ ਅੰਦੋਲਨ ਦੌਰਾਨ ਹਜ਼ਾਰਾਂ ਲੋਕਾਂ ਦੀ ਹੱਤਿਆ ਹੋਈ, ਪਰ ਦਿੱਲੀ ਅਤੇ ਹੋਰ ਥਾਵਾਂ 'ਤੇ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਵੀ ਪੰਜਾਬ ਵਿੱਚ ਕੋਈ ਫਿਰਕੂ ਹਿੰਸਾ ਨਹੀਂ ਹੋਈ।

ਭਾਜਪਾ ਇਹ ਭੁੱਲ ਰਹੀ ਹੈ ਕਿ ਦਿੱਲੀ ਦੇ ਆਲੇ-ਦੁਆਲੇ ਹੋਏ ਕਿਸਾਨ ਮੋਰਚੇ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਮੌਤ ਲਈ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕਰਨਗੇ।ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਕਿਸਾਨਾਂ ਦੀ ਹੱਤਿਆ ਕਰਨ ਵਾਲੇ ਅਜੇ ਮਿਸ਼ਰਾ ਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਦਾ ਭਾਜਪਾ ਵੱਲੋਂ ਕੀਤਾ ਗਿਆ ਸਮਰਥਨ ਵੀ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ।

ਇਹ ਵੀ ਦਿਲਚਸਪ ਹੈ ਕਿ ਇਨ੍ਹਾਂ ਨਗਰ ਚੋਣਾਂ ਵਿੱਚ ਭਾਜਪਾ ਦੀ ਕਾਰਗੁਜ਼ਾਰੀ ਅਕਾਲੀਆਂ ਨਾਲੋਂ ਵੀ ਮਾੜੀ ਰਹੀ ਹੈ ਅਤੇ ਭਾਜਪਾ ਦੇ 1142 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ। ਉਹ ਅਕਾਲੀਆਂ 'ਤੇ ਆਪਣਾ ਦਬਦਬਾ ਬਣਾਉਣਾ ਚਾਹੁੰਦੇ ਸਨ, ਪਰ ਹੁਣ ਇਹ ਯਤਨ ਕਮਜ਼ੋਰ ਪੈਂਦੇ ਦਿਖ ਰਹੇ ਹਨ।

ਪੰਜਾਬ ਵਿਧਾਨ ਸਭਾ ਚੋਣਾਂ ਹੁਣ ਬਹੁਤ ਦੂਰ ਨਹੀਂ ਹਨ। ਇਨ੍ਹਾਂ ਨਗਰ ਚੋਣਾਂ ਰਾਹੀਂ ਪੰਜਾਬ ਨੇ ਇਹ ਉਮੀਦ ਜਤਾਈ ਹੈ ਕਿ ਪੰਜਾਬ ਵਿੱਚ ਆਪਣੇ ਬਲਬੂਤੇ ਇਕੱਲੇ ਸਰਕਾਰ ਬਣਾਉਣ ਦਾ ਭਾਜਪਾ ਦਾ ਸੁਪਨਾ ਟੁੱਟ ਸਕਦਾ ਹੈ।

ਹੁਣ ਸਮਾਂ ਆ ਗਿਆ ਹੈ ਕਿ ਹੋਰ ਪਾਰਟੀਆਂ ਆਪਣੇ ਅੰਦਰੂਨੀ ਮਸਲੇ ਸੁਲਝਾਉਣ ਅਤੇ ਲੋਕਾਂ ਸਾਹਮਣੇ ਆਪਸੀ ਲੜਾਈ ਅਤੇ ਕਮਜ਼ੋਰੀ ਦੀ ਛਵੀ ਨਾ ਬਣਨ ਦੇਣ। ਜੋ ਲੋਕ ਭਾਜਪਾ ਵਿੱਚ ਜਾਣ ਲਈ ਕਤਾਰਾਂ ਵਿੱਚ ਖੜ੍ਹੇ ਹਨ, ਉਹ ਆਪਣੇ ਮੂਲ ਧੜਿਆਂ ਵਿੱਚ ਵਾਪਸ ਆਉਣ ਅਤੇ ਇਕੱਠੇ ਹੋ ਕੇ ਭਾਜਪਾ ਅਤੇ ਉਸ ਦੀ ਇਕ ਰੂਪ ਸੱਭਿਆਚਾਰ ਵਾਲੀ ਵਿਚਾਰਧਾਰਾ ਨੂੰ ਹਰਾਉਣ ਲਈ ਕੰਮ ਕਰਨ। ਆਰ ਐੱਸ ਐੱਸ ਉਹ ਹੈ, ਜੋ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੀ ਹਮਾਇਤੀ, ਆਜ਼ਾਦੀ ਦੀ ਲਹਿਰ ਅਤੇ ਆਜ਼ਾਦੀ ਸੈਨਾਨੀਆਂ ਦੀ ਵਿਰੋਧੀ ਰਹੀ। 1947 ਤੋਂ ਬਾਅਦ ਆਰ ਐੱਸ ਐੱਸ ਵੱਲੋਂ ਫਿਰਕੂ ਨਫ਼ਰਤ ਫੈਲਾਉਣ, ਗਾਂਧੀ ਅਤੇ ਨਹਿਰੂ ਨੂੰ ਬਦਨਾਮ ਕਰਨ ਅਤੇ ਗੈਰ-ਵਿਗਿਆਨਕ ਅਤੇ ਅੰਧਵਿਸ਼ਵਾਸੀ ਵਿਚਾਰਾਂ ਨੂੰ ਪ੍ਰੋਤਸਾਹਿਤ ਕਰਨ ਦੀ ਭੂਮਿਕਾ ਸਭ ਨੂੰ ਪਤਾ ਹੈ। ਉਨ੍ਹਾਂ ਦੀਆਂ ਨੀਤੀਆਂ ਕਾਰਨ ਸਮਾਜਿਕ ਸਾਂਝ ਪ੍ਰਭਾਵਤ ਹੋਈ ਹੈ। ਕਾਰਪੋਰੇਟ ਪੱਖੀ ਸੋਚ ਕਾਰਨ ਆਰਥਿਕ ਵਿਕਾਸ ਦੇ ਫ਼ਾਇਦੇ ਆਮ ਲੋਕਾਂ ਤੋਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਦਿੱਤੇ ਗਏ ਹਨ।

ਪੰਜਾਬ ਦੇ ਲੋਕ ਅਸੈਂਬਲੀ ਦੀਆਂ ਚੋਣਾਂ ਵਿੱਚ ਭਾਜਪਾ ਦੇ ਰੱਥ ਨੂੰ ਰੋਕ ਕੇ ਇਤਿਹਾਸ ਰਚ ਸਕਦੇ ਹਨ, ਕਿਉਂਕਿ ਇੱਕ ਵਾਰ ਰੁਕਿਆ ਰੱਥ ਵਾਪਸ ਮੋੜਿਆ ਜਾਏਗਾ।

# ਸੰਪਰਕ : 94170-00360

# ਹਾਰਮੁਜ਼ ਨਹੀਂ, ਮੋਦੀ ਮਾਡਲ ਹੈ ਅਸਲੀ ਸੰਕਟ

ਮੂਲ : ਐੱਮ ਕੇ ਆਰ
ਅਨੁਵਾਦ : ਪ੍ਰਿਥੀਪਾਲ ਸਿੰਘ ਮਾੜੀਮੇਘਾ

ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਅਤੇ ਹਾਰਮੁਜ਼ ਜਲਡਮਰੂ ਨੂੰ ਲੈ ਕੇ ਪੈਦਾ ਹੋਏ ਖਤਰੇ ਨੂੰ ਹਿੰਦੁਸਤਾਨ ਸਰਕਾਰ ਅੱਜ ਆਰਥਿਕ ਸੰਕਟ ਦਾ ਸਭ ਤੋਂ ਵੱਡਾ ਕਾਰਨ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ। ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਸੱਚੀਂ ਹੀ ਭਾਰਤ ਦੀਆਂ ਆਰਥਿਕ ਮੁਸ਼ਕਲਾਂ ਅਚਾਨਕ ਕਿਸੇ ਬਾਹਰੀ ਯੁੱਧ ਦੇ ਕਾਰਨ ਪੈਦਾ ਹੋਈਆਂ ਹਨ, ਜਦੋਂ ਕਿ ਸਚਾਈ ਇਹ ਹੈ ਕਿ, ਭਾਰਤ ਦਾ ਆਰਥਿਕ ਸੰਕਟ ਪਿਛਲੇ ਇੱਕ ਦਹਾਕੇ ਦੀ ਆਰਥਿਕ ਤੇ ਵਪਾਰਕ ਨੀਤੀ ਦਾ ਨਤੀਜਾ ਹੈ। ਹਾਰਮੁਜ਼ ਨੇ ਸਿਰਫ ਇਸ ਸੰਕਟ ਨੂੰ ਪੂਰੀ ਤਰ੍ਹਾਂ ਹੋਰ ਉਜਾਗਰ ਕੀਤਾ ਹੈ। ਅਸਲੀ ਸੰਕਟ ਭਾਰਤ ਸਰਕਾਰ ਦਾ ਉਹ ਆਰਥਿਕ ਮਾਡਲ ਹੈ, ਜੋ ਵਿਦੇਸ਼ਾਂ ਦੀਆਂ ਵਸਤਾਂ 'ਤੇ ਨਿਰਭਰ ਅਤੇ ਕਾਰਪੋਰੇਟ-ਕੇਂਦਰਤ ਹੈ। ਭਾਜਪਾ ਸਰਕਾਰ ਦੀ ਇਸ ਸੋਚੀ-ਸਮਝੀ ਰਣਨੀਤੀ ਨੇ ਭਾਰਤ ਨੂੰ ਕਮਜ਼ੋਰ ਦੇਸ਼ ਬਣਾ ਦਿੱਤਾ ਹੈ।

ਹਿੰਦੁਸਤਾਨ ਆਪਣੇ ਦੇਸ਼ ਵਾਸੀਆਂ ਲਈ ਕਰੀਬ 88-90 ਪ੍ਰਤੀਸ਼ਤ ਕੱਚਾ ਤੇਲ ਵਿਦੇਸ਼ਾਂ ਤੋਂ ਖਰੀਦਦਾ ਹੈ, ਜਦੋਂ ਕਿ 2014 ਵਿੱਚ ਵਸਤਾਂ ਤੇ ਕੱਚਾ ਤੇਲ ਵਿਦੇਸ਼ਾਂ ਤੋਂ ਖਰੀਦਣ ਦੀ ਨਿਰਭਰਤਾ ਕਰੀਬ 77 ਪ੍ਰਤੀਸ਼ਤ ਸੀ, ਆਤਮ-ਨਿਰਭਰ ਭਾਰਤ ਦੇ ਨਾਅਰਿਆਂ ਦੇ ਬਾਵਜੂਦ ਊਰਜਾ ਖੇਤਰ ਵਿੱਚ ਭਾਰਤ ਪਹਿਲਾਂ ਨਾਲੋਂ ਵੱਧ ਦੂਜੇ ਦੇਸ਼ਾਂ 'ਤੇ ਨਿਰਭਰ ਹੋਇਆ ਹੈ। ਸਭ ਤੋਂ ਗੰਭੀਰ ਗੱਲ ਇਹ ਹੈ ਕਿ ਕੇਂਦਰ ਦੀ ਮੌਜੂਦਾ ਸਰਕਾਰ ਨੇ ਇਸ ਨਿਰਭਰਤਾ ਨੂੰ ਘੱਟ ਕਰਨ ਦੇ ਲਈ ਕੋਈ ਲੰਮੇ ਸਮੇਂ ਦੀ ਰਣਨੀਤੀ ਵਿਕਸਤ ਨਹੀਂ ਕੀਤੀ। ਨਾ ਇਹ ਵਸਤਾਂ ਨੂੰ ਆਮ ਜਨਤਾ ਤੱਕ ਲਿਜਾਣ ਦੇ ਵੱਡੇ ਵਿਸਥਾਰ ਨੂੰ ਪ੍ਰਾਥਮਿਕਤਾ ਮਿਲੀ, ਨਾ ਬਦਲਵੇਂ ਊਰਜਾ ਸਰੋਤਾਂ ਨੂੰ ਉਸ ਪੈਮਾਨੇ ਤੇ ਵਧਾਇਆ ਗਿਆ, ਜਿਸ ਦੀ ਜ਼ਰੂਰਤ ਸੀ ਅਤੇ ਨਾ ਹੀ ਘਰੇਲੂ ਊਰਜਾ ਸੁਰੱਖਿਆ ਨੂੰ ਰਣਨੀਤਕ ਦ੍ਰਿਸ਼ਟੀ ਨਾਲ ਮਜ਼ਬੂਤ ਕੀਤਾ ਗਿਆ।

ਸਰਕਾਰ ਦਾਅਵਾ ਕਰਦੀ ਹੈ ਕਿ ਭਾਰਤ ਲੱਗਭਗ 40 ਦੇਸ਼ਾਂ ਤੋਂ ਤੇਲ ਖਰੀਦ ਕਰਦਾ ਹੈ, ਪਰੰਤੂ ਹਕੀਕਤ ਇਹ ਹੈ ਕਿ ਭਾਰਤ ਦੀ ਵਪਾਰਕ ਨਿਰਭਰਤਾ ਹੁਣ ਵੀ ਪੱਛਮੀ ਏਸ਼ੀਆ ਅਤੇ ਅਮਰੀਕਾ ਸਮਰਥਕ ਦੇਸ਼ਾਂ 'ਤੇ ਵਧੇਰੇ ਹੈ। ਅਮਰੀਕਾ ਦੇ ਦਬਾਅ ਵਿੱਚ ਭਾਰਤ ਨੇ ਈਰਾਨ ਤੋਂ ਤੇਲ ਲੈਣਾ ਲੱਗਭਗ ਬੰਦ ਕਰ ਦਿੱਤਾ ਹੈ, ਜਦੋਂ ਕਿ ਈਰਾਨ ਭਾਰਤ ਨੂੰ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤੇ ਰੇਟਾਂ ਅਤੇ ਆਸਾਨ ਭੁਗਤਾਨ ਸ਼ਰਤਾਂ 'ਤੇ ਤੇਲ ਦੇਂਦਾ ਸੀ। ਸੰਨ 2021 ਦੇ ਬਾਅਦ ਭਾਰਤ ਅਤੇ ਈਰਾਨ ਨੇ ਅਮਰੀਕੀ ਰੁਕਾਵਟਾਂ ਦੇ ਵਿੱਚ 'ਰੁਪਏ - ਰਿਆਲ ਭੁਗਤਾਨ ਤੰਤਰ' ਵਿਕਸਤ ਕੀਤਾ ਸੀ। ਇਸ ਦੇ ਤਹਿਤ ਭਾਰਤੀ ਤੇਲ ਕੰਪਨੀਆਂ ਡਾਲਰ ਦੀ ਜਗ੍ਹਾ ਰੁਪਏ ਵਿੱਚ ਭੁਗਤਾਨ ਕਰਦੀਆਂ ਸਨ ਅਤੇ ਇਹ ਰਾਸ਼ੀ ਯੂਕੋ ਬੈਂਕ ਵਰਗੇ ਭਾਰਤੀ ਬੈਂਕਾਂ ਵਿੱਚ ਜਮ੍ਹਾਂ ਰਹਿੰਦੀ ਸੀ। ਕੁਝ ਹਾਲਤਾਂ ਵਿੱਚ ਅਰਬਾਂ ਡਾਲਰ ਦੇ ਬਰਾਬਰ ਰਾਸ਼ੀ ਭਾਰਤੀ ਬੈਂਕਿੰਗ ਪ੍ਰਣਾਲੀ ਵਿੱਚ ਜਮ੍ਹਾਂ ਰਹੀ। ਈਰਾਨ ਜਮ੍ਹਾਂ ਹੋਈ ਰਾਸ਼ੀ ਭਾਵ ਰੁਪਈਆਂ ਨਾਲ ਭਾਰਤ ਤੋਂ ਚੌਲ, ਦਵਾਈਆਂ,ਚਾਹ ਅਤੇ ਹੋਰ ਵਸਤੂਆਂ ਖਰੀਦਦਾ ਸੀ। ਇਸ ਵਪਾਰਕ ਢੰਗ ਨਾਲ ਭਾਰਤ ਉੱਤੇ ਡਾਲਰ ਦਾ ਦਬਾਅ ਘੱਟ ਪੈਂਦਾ ਸੀ ਅਤੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਰਾਹਤ ਮਿਲਦੀ ਸੀ, ਪਰੰਤੂ ਅਮਰੀਕਾ ਪ੍ਰਸਤ ਵਿਦੇਸ਼ ਨੀਤੀ ਦੇ ਕਾਰਨ ਭਾਰਤ ਨੇ ਇਹ ਵਿਵਸਥਾ ਲਗਭਗ ਖਤਮ ਕਰ ਦਿੱਤੀ ਹੈ।

ਰੂਸ-ਯੂਕਰੇਨ ਯੁੱਧ ਦੇ ਬਾਅਦ ਰੂਸ ਭਾਰਤ ਨੂੰ ਵੱਡੀਆਂ ਰਿਆਇਤਾਂ 'ਤੇ ਤੇਲ ਦੇ ਰਿਹਾ ਸੀ, ਪਰੰਤੂ ਉਸ ਦਾ ਸਭ ਤੋਂ ਵੱਡਾ ਲਾਭ ਆਮ ਜਨਤਾ ਦੀ ਬਿਜਾਏ ਨਿੱਜੀ ਤੇਲ ਕੰਪਨੀਆਂ ਨੂੰ ਮਿਲਦਾ ਸੀ। ਰਾਸ਼ਟਰ ਅਤੇ ਫਾਇਨੈਂਸ਼ੀਅਲ ਟਾਈਮਜ਼ ਦੇ ਅਨੁਸਾਰ 2024-25 ਵਿੱਚ ਭਾਰਤ ਰੂਸ ਤੋਂ ਲੱਗਭਗ 19 ਲੱਖ ਬੈਰਲ ਪ੍ਰਤੀ ਦਿਨ ਤੇਲ ਖਰੀਦ ਰਿਹਾ ਸੀ। ਰੂਸੀ ਤੇਲ ਵਿਸ਼ਵਵਿਆਪੀ ਕੀਮਤਾਂ ਨਾਲੋਂ 8-20 ਡਾਲਰ ਪ੍ਰਤੀ ਬੈਰਲ ਤੱਕ ਸਸਤਾ ਮਿਲ ਰਿਹਾ ਸੀ। ਰਿਲਾਇੰਸ ਅਤੇ ਨਾਯਰਾ ਐਨਰਜੀ ਵਰਗੀਆਂ ਕੰਪਨੀਆਂ ਨੇ ਇਸ ਤੇਲ ਤੋਂ ਅਰਬਾਂ ਡਾਲਰ ਆਪਣੇ ਨਿਸ਼ਾਨੇ ਤੋਂ ਵੀ ਵਧੇਰੇ ਲਾਭ ਕਮਾਇਆ ਸੀ। ਅਨੁਮਾਨ ਹੈ ਕਿ ਭਾਰਤੀ ਰਿਫਾਇਨਰੀਆਂ (ਕੱਚੇ ਤੇਲ ਨੂੰ ਸਾਫ ਕਰਨ ਵਾਲੀ ਫੈਕਟਰੀ) ਨੂੰ ਰੂਸ ਵੱਲੋਂ ਰਿਆਇਤ ਵਿੱਚ ਮਿਲਦੇ ਤੇਲ ਤੋਂ ਲਗਭਗ 16 ਅਰਬ ਡਾਲਰ ਦਾ ਜ਼ਿਆਦਾ ਮੁਨਾਫ਼ਾ ਹੋਇਆ। ਪਰੰਤੂ ਜਦੋਂ ਕੱਚਾ ਤੇਲ ਸਸਤਾ ਸੀ, ਉਦੋਂ ਵੀ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿੱਚ ਜਨਤਾ ਨੂੰ ਰਾਹਤ ਨਹੀਂ ਮਿਲੀ। ਸਰਕਾਰ ਨੇ ਤੇਲ ਪੈਦਾ ਕਰਨ ਉੱਤੇ ਟੈਕਸ ਵਧਾ ਕੇ ਕੁੱਲ ਆਮਦਨ ਵਿੱਚ ਭਾਰੀ ਵਾਧਾ ਕਮਾਇਆ ਅਤੇ ਕੰਪਨੀਆਂ ਨੇ ਕੱਚੇ ਤੇਲ ਨੂੰ ਸਾਫ ਕਰਨ ਦੇ ਮਾਰਜਨ ਤੋਂ ਰਿਕਾਰਡ ਮੁਨਾਫ਼ੇ ਵਿੱਚ ਵਾਧਾ ਕੀਤਾ। ਹੁਣ ਜਦੋਂ ਇੰਡੀਅਨ ਤੇਲ ਕੰਪਨੀਆਂ ਨੂੰ ਤੇਲ ਵਿਸ਼ਵ ਤੋਂ ਮਹਿੰਗਾ ਮਿਲ ਰਿਹਾ ਹੈ ਤਾ ਮਹਿੰਗੇ ਤੇਲ ਦਾ ਸਾਰਾ ਬੋਝ ਜਨਤਾ ਉੱਤੇ ਪਾਇਆ ਜਾ ਰਿਹਾ ਹੈ।

ਸਰਕਾਰ ਅੱਜ ਹਾਰਮੁਜ਼ ਸੰਕਟ ਦਾ ਹਵਾਲਾ ਦੇ ਰਹੀ ਹੈ, ਪਰੰਤੂ ਇਹ ਨਹੀਂ ਦੱਸਦੀ ਕਿ ਭਾਰਤ ਦੇ ਕੋਲ ਤੇਲ ਭੰਡਾਰ ਬੇਹੱਦ ਸੀਮਤ ਹੈ। ਭਾਰਤ ਦੇ ਸਰਕਾਰੀ ਤੇਲ ਭੰਡਾਰ ਲਗਭਗ 9-10 ਦਿਨਾਂ ਦੀ ਜ਼ਰੂਰਤ ਪੂਰੀ ਕਰ ਸਕਦੇ ਹਨ। ਤੁਲਨਾ ਕਰੀਏ ਤਾਂ ਚੀਨ ਨੇ ਕਈ ਮਹੀਨਿਆਂ ਤੱਕ ਚੱਲਣ ਯੋਗ ਵਿਸ਼ਾਲ ਤੇਲ ਭੰਡਾਰਨ ਯੋਗਤਾ ਵਿਕਸਤ ਕੀਤੀ ਹੈ। ਯਾਨੀ ਜਦੋਂ ਪੱਛਮ ਏਸ਼ੀਆ ਵਿੱਚ ਕੱਚੇ ਤੇਲ ਵਿੱਚ ਰੁਕਾਵਟ ਹੁੰਦੀ ਹੈ ਤਾਂ ਭਾਰਤ ਤੁਰੰਤ ਸੰਕਟ ਵਿੱਚ ਆ ਸਕਦਾ ਹੈ। ਇਹ ਕਮਜ਼ੋਰੀ ਕਿਸੇ ਇੱਕ ਯੁੱਧ ਦਾ ਨਤੀਜਾ ਨਹੀਂ, ਬਲਕਿ ਲੰਮੇ ਸਮੇਂ ਤੱਕ ਤੇਲ ਭੰਡਾਰ ਕਰਨ ਦੀ ਯੋਜਨਾ ਬਣਾਉਣ ਦੀ ਅਸਮਰਥਾ ਹੈ।

ਆਰਥਿਕ ਮੋਰਚੇ ਉੱਤੇ ਵੀ ਹਾਲਤ ਚਿੰਤਾਜਨਕ ਹੈ। ਸੰਨ 2014 ਵਿੱਚ ਡਾਲਰ ਦੀ ਕੀਮਤ ਲਗਭਗ 60 ਰੁਪਏ ਸੀ, ਜੋ ਹੁਣ 95 ਰੁਪਏ ਤੋਂ ਵੀ ਵਧੇਰੇ ਪਹੁੰਚ ਚੁੱਕੀ ਹੈ। ਰੁਪਏ ਦੀ ਇਸ ਗਿਰਾਵਟ ਨੇ ਬਾਹਰੋਂ ਸਮਾਨ ਮੰਗਵਾਉਣਾ ਮਹਿੰਗਾ ਕੀਤਾ ਅਤੇ ਮਹਿੰਗਾਈ ਨੂੰ ਹੋਰ ਵਧਾਇਆ ਹੈ। ਖਾਣ ਵਾਲੇ ਪਦਾਰਥਾਂ, ਸਿੱਖਿਆ, ਸਿਹਤ ਅਤੇ ਆਵਾਜਾਈ ਦੇ ਸਾਧਨਾਂ ਦੀ ਲਾਗਤ ਤੇਜੀ ਨਾਲ ਵਧੀ ਹੈ, ਜਦੋਂ ਕਿ ਹਕੀਕਤ ਵਿੱਚ ਆਮਦਨ ਘਟ ਰਹੀ ਹੈ। ਪੇਂਡੂ ਇਲਾਕਿਆਂ ਦੀ ਸਚਾਈ ਇਹ ਹੈ ਕਿ ਮਜ਼ਦੂਰੀ ਵਧਣ ਦੀ ਥਾਂ ਜ਼ੀਰੋ ਜਾਂ ਨਾਕਾਰਾਤਮਕ ਰਹੀ ਹੈ। ਐੱਫ ਐੱਮ ਸੀ ਜੀ ਕੰਪਨੀਆਂ ਇਸ ਵੇਲੇ ਸਵੀਕਾਰ ਕਰ ਰਹੀਆਂ ਹਨ ਕਿ ਪੇਂਡੂ ਅਤੇ ਸ਼ਹਿਰੀ ਖਾਣਾ-ਪੀਣਾ ਕਮਜ਼ੋਰ ਹੋਇਆ ਹੈ। ਇਸ ਦਾ ਅਰਥ ਇਹ ਹੈ ਕਿ ਆਮ ਜਨਤਾ ਦੀ ਕਾਰਜ-ਸ਼ਕਤੀ ਲਗਾਤਾਰ ਘਟ ਰਹੀ ਹੈ, ਭਾਵ ਬੇਰੁਜ਼ਗਾਰੀ ਵਧ ਰਹੀ ਹੈ।

ਜੀ ਡੀ ਪੀ ਵਾਧਾ ਦਰ ਨੂੰ ਬਣਾਈ ਰੱਖਣ ਵਿੱਚ ਸਰਕਾਰੀ ਪੂੰਜੀਗਤ ਖਰਚ ਦਾ ਯੋਗਦਾਨ ਵਧਦਾ ਜਾ ਰਿਹਾ ਹੈ, ਜਦੋਂਕਿ ਨਿੱਜੀ ਨਿਵੇਸ਼ ਅਤੇ ਨਿੱਜੀ ਖਰਚ ਕਰਨ ਦੀ ਪ੍ਰਕਿਰਿਆ ਕਮਜ਼ੋਰ ਹੈ। ਵਿਦੇਸ਼ੀ ਸੰਗਠਨਾਂ ਨੇ ਭਾਰਤ ਵਿੱਚ ਲਾਭ ਲਈ ਪੂੰਜੀ ਲਗਾਉਣ ਦੀ ਥਾਂ (ਐੱਫ ਆਈ ਆਈ) ਪਿਛਲੇ ਕੁਝ ਸਮੇਂ ਵਿੱਚ ਭਾਰਤੀ ਬਾਜ਼ਾਰਾਂ 'ਚੋਂ ਤੇਜ਼ੀ ਨਾਲ ਪੈਸਾ ਕੱਢਿਆ ਹੈ। ਇਸ ਦਾ ਦਬਾਅ ਵਿਦੇਸ਼ੀ ਮੁਦਰਾ ਭੰਡਾਰ ਅਤੇ ਰੁਪਏ ਦੋਵਾਂ 'ਤੇ ਪਿਆ ਹੈ। ਭਾਰਤ ਦੀ ਸਮੱਸਿਆ ਇਹ ਹੈ ਕਿ ਭਾਰਤ ਮਾਲ ਨੂੰ ਸੋਧਨ ਵਾਲੀਆਂ ਹਾਲਤਾਂ ਚੀਨ ਵਰਗੀਆਂ ਮਜ਼ਬੂਤ ਨਹੀਂ ਬਣਾ ਸਕਿਆ। ਉੱਚੇ ਵਿਗਿਆਨਕ ਢੰਗ ਨਾਲ ਨਵੀਆਂ ਵਸਤਾਂ ਬਣਾਉਣ ਦੀ ਪ੍ਰਕਿਰਿਆ ਦਾ ਕੇਂਦਰ ਵੀ ਨਹੀਂ ਬਣਾ ਸਕਿਆ। ਸਾਡੀ ਆਰਥਕ ਪ੍ਰਣਾਲੀ ਦਾ ਵੱਡਾ ਹਿੱਸਾ ਚੀਜ਼ਾਂ ਵਰਤਣ ਦੇ ਆਧਾਰਿਤ ਬਾਜ਼ਾਰ ਅਤੇ ਵਿੱਤੀ ਭਵਿੱਖ ਦੇ ਲਾਭ 'ਤੇ ਟਿਕਿਆ ਹੈ। ਵਿਦੇਸ਼ੀ ਪੂੰਜੀ ਇਥੇ ਉਤਪਾਦਨ ਦੇ ਲਈ ਘੱਟ ਅਤੇ ਬਾਜ਼ਾਰ ਵਿੱਚ ਲਾਭ ਕਮਾਉਣ ਦੇ ਲਈ ਜ਼ਿਆਦਾ ਆਉਂਦੀ ਹੈ। ਜਿਵੇਂ ਹੀ ਵਿਸ਼ਵਵਿਆਪੀ ਹਾਲਤਾਂ ਬਦਲਦੀਆਂ ਹਨ ਉਦੋਂ ਹੀ ਪੂੰਜੀ ਤੇਜ਼ੀ ਨਾਲ ਬਾਹਰ ਨਿਕਲ ਜਾਂਦੀ ਹੈ।

ਜੇ ਇਹ ਹੀ ਨੀਤੀਆਂ ਜਾਰੀ ਰਹੀਆਂ ਤਾਂ ਭਾਰਤ ਹੌਲੀ-ਹੌਲੀ ਵਿਦੇਸ਼ੀ ਉਤਪਾਦਾਂ ਦੇ ਵਿਸ਼ਾਲ ਉਪਭੋਗਤਾ ਬਾਜ਼ਾਰ ਅਤੇ ਡੰਪਿੰਗ ਗਰਾਊਂਡ ਵਿੱਚ ਬਦਲ ਸਕਦਾ ਹੈ। ਮੇਕ ਇੰਨ ਇੰਡੀਆ ਵਰਗੇ ਅਭਿਆਨ ਪ੍ਰਚਾਰ ਹੀ ਰਹਿ ਗਏ ਹਨ, ਜਦ ਕਿ ਅਸਲੀ ਉਤਪਾਦਨ ਅਤੇ ਤਕਨੀਕੀ ਆਤਮਨਿਰਭਰਤਾ ਜ਼ਰੂਰਤ ਪੱਧਰ ਤੱਕ ਨਹੀਂ ਪਹੁੰਚ ਸਕੀ।

ਅਸਲ ਸਮੱਸਿਆ ਇਹ ਹੈ ਕਿ ਵਰਤਮਾਨ ਆਰਥਿਕ ਮਾਡਲ ਉਤਪਾਦਨ, ਰੁਜ਼ਗਾਰ ਅਤੇ ਸਭ ਦੇ ਭਲੇ ਦੀ ਬਿਜਾਏ ਕਾਰਪੋਰੇਟ ਲਾਭ ਪਰ ਕੇਂਦਰਤ ਹੈ। ਅੰਬਾਨੀ -ਅਡਾਨੀ ਮਾਡਲ ਦੇ ਤਹਿਤ ਊਰਜਾ, ਬੰਦਰਗਾਹ, ਏਅਰਪੋਰਟ ਅਤੇ ਬੁਨਿਆਦੀ ਢਾਂਚੇ 'ਤੇ ਮੁੱਠੀਭਰ ਕੰਪਨੀਆਂ ਦਾ ਅਧਿਕਾਰ ਵਧਿਆ ਹੈ। ਸਰਕਾਰ ਬਾਹਰੀ ਸੰਕਟਾਂ ਨੂੰ ਦੋਸ਼ ਦੇ ਕੇ ਆਪਣਾ ਨੀਤੀਗਤ ਕਮਜ਼ੋਰੀਆਂ ਤੋਂ ਧਿਆਨ ਹਟਾਉਣ ਦਾ ਯਤਨ ਕਰਦੀ ਹੈ, ਜਦ ਕਿ ਅਸਲੀ ਸੰਕਟ ਉਹੀ ਨੀਤੀਆਂ ਦੇ ਵਿੱਚ ਮੌਜੂਦ ਹੈ।

ਭਾਰਤ ਦੀ ਊਰਜਾ ਸੁਰੱਖਿਆ, ਰਣਨੀਤਕ ਭੰਡਾਰਨ, ਘਰੇਲੂ ਵਸਤੂਆਂ ਦਾ ਉਤਪਾਦਨ, ਤਕਨੀਕੀ ਵਿਕਾਸ ਅਤੇ ਰੁਜ਼ਗਾਰ ਆਧਾਰਿਤ ਆਰਥਿਕ ਢਾਂਚੇ ਦੀ ਦਿਸ਼ਾ ਵਿੱਚ ਗੰਭੀਰ ਬਦਲਾਅ ਦੀ ਜ਼ਰੂਰਤ ਹੈ, ਨਹੀਂ ਤਾਂ ਹਰ ਵਿਸ਼ਵ ਸੰਕਟ ਦੇ ਸਮੇਂ ਦੇਸ਼ ਦੀਆਂ ਕਮਜ਼ੋਰੀਆਂ ਹੋਰ ਜ਼ਿਆਦਾ ਉਜਾਗਰ ਹੁੰਦੀਆਂ ਰਹਿਣਗੀਆਂ।

# ਸੰਪਰਕ : 98760-78731

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਘੱਲਕਲਾਂ 'ਚ ਅਰਥੀ ਫੂਕ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਬਲੌਰ ਸਿੰਘ ਘੱਲਕਲਾਂ ਦੀ ਅਗਵਾਈ ਹੇਠ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਘੱਲ ਕਲਾਂ ਵਿਖੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ ਅਰਥੀ ਸਾੜ ਰੈਲੀ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ ਤੇ ਬਲਾਕ ਜਨਰਲ ਸਕੱਤਰ ਜਸਵਿੰਦਰ ਸਿੰਘ ਘੱਲਕਲਾਂ ਨੇ ਕਿਹਾ ਕਿ ਬੀਤੇ ਦਿਨ ਪਾਵਰਕਾਮ ਲਾਈਨਮੈਨ ਅਪ੍ਰੈਂਟਿਸ ਯੂਨੀਅਨ ਵੱਲੋਂ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਨੌਕਰੀਆਂ ਦੀ ਮੰਗ ਨੂੰ ਲੈ ਕੇ ਦਫਤਰ ਦੇ ਦੋਨਾਂ ਗੇਟਾਂ ਅੱਗੇ ਧਰਨਾ ਲਾਇਆ ਗਿਆ ਸੀ। ਪਾਵਰਕਾਮ ਅੰਦਰ ਲਾਈਨਮੈਨ ਤੇ ਸਹਾਇਕ ਲਾਇਨਮੈਨ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ, ਪਰ ਭਗਵੰਤ ਮਾਨ ਦੀ ਸਰਕਾਰ ਵੱਲੋਂ ਜੋ ਲੋਕਾਂ ਨਾਲ ਰੁਜ਼ਗਾਰ ਦੇਣ ਦੇ ਵਾਅਦੇ ਕਰਦੀ ਨਹੀਂ ਥੱਕਦੀ। ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦਿੰਦਿਆਂ ਨੌਜਵਾਨਾਂ ਨੂੰ ਪੱਕੀਆਂ ਨੌਕਰੀਆਂ ਦਿੱਤੀਆਂ ਜਾਦੀਆਂ, ਪ੍ਰੰਤੂ ਮੈਨੇਜਮੈਂਟ ਤੇ ਸਰਕਾਰ ਦੇ ਧੱਕੜ ਰਵੱਈਏ ਕਾਰਨ ਸ਼ਾਂਤੀਪੂਰਵਕ ਧਰਨਾ ਦੇ ਰਹੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀਆਂ ਬਜਾਏ ਉਨ੍ਹਾਂ 'ਤੇ ਅੰਨ੍ਹਾ ਲਾਠੀਚਾਰਜ ਕੀਤਾ ਗਿਆ। ਪ੍ਰਦਰਸ਼ਨ ਕਰਨਾ ਨੌਜਵਾਨਾਂ ਦਾ ਜਮਹੂਰੀ ਅਧਿਕਾਰ ਹੈ, ਭਾਰਤੀ ਕਿਸਾਨ ਯੂਨੀਅਨ ਨੌਜਵਾਨਾਂ ਦੇ ਨੌਕਰੀਆਂ ਲਈ ਕੀਤੇ ਜਾ ਰਹੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਉਨ੍ਹਾਂ ਦੀ ਜਥੇਬੰਦੀ ਨਾਲ ਮੈਨੇਜਮੈਂਟ ਗੱਲ ਕਰਕੇ ਉਨ੍ਹਾਂ ਨੂੰ ਨੌਕਰੀਆਂ ਦੇਵੇ। ਜਥੇਬੰਦੀ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਜਥੇਬੰਦੀ ਵੱਲੋਂ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਸੰਘਰਸ਼ ਵੱਢਿਆ ਜਾਂਦਾ ਹੈ ਤਾਂ ਭਾਰਤੀ ਕਿਸਾਨ ਯੂਨੀਅਨ ਉਨ੍ਹਾਂ ਦੇ ਘੋਲ ਦੀ ਪੂਰੀ ਹਮਾਇਤ ਕਰੇਗੀ। ਇਸ ਅਰਥੀ ਫੂਕ ਰੈਲੀ ਵਿੱਚ ਉਪਰੋਤਕ ਤੋਂ ਬਿਨਾਂ ਹੋਰ ਵੀ ਕਈ ਕਿਸਾਨ ਸ਼ਾਮਲ ਹੋਏ।

# ਸਨਅਤੀ ਮਜ਼ਦੂਰਾਂ ਵੱਲੋਂ 8 ਘੰਟੇ ਕੰਮ ਦਿਹਾੜੀ, ਤਨਖਾਹ ਵਾਧੇ ਨੂੰ ਲੈ ਕੇ ਰੋਸ ਮੁਜ਼ਾਹਰਾ

**ਲੁਧਿਆਣਾ (ਰੈਕਟਰ ਕਥੂਰੀਆ)**

ਚੰਡੀਗੜ੍ਹ ਦੇ ਸਨਅਤੀ ਮਜ਼ਦੂਰਾਂ ਨੇ 8 ਘੰਟੇ ਕੰਮ ਦਿਹਾੜੀ, ਤਨਖਾਹ ਵਾਧੇ ਤੇ ਹੋਰ ਮੰਗਾਂ ਸੰਬੰਧੀ ਰੋਸ ਮੁਜ਼ਾਹਰਾ ਕਰਕੇ ਅਸਿਸਟੈਂਟ ਲੇਬਰ ਕਮਿਸ਼ਨਰ ਨੂੰ ਮੰਗ-ਪੱਤਰ ਸੌਂਪਿਆ।ਚੰਡੀਗੜ੍ਹ ਦੇ ਸਨਅਤੀ ਮਜ਼ਦੂਰਾਂ ਨੇ ਕਾਰਖਾਨਾ ਮਜ਼ਦੂਰ ਯੂਨੀਅਨ ਚੰਡੀਗੜ੍ਹ ਦੀ ਅਗਵਾਈ ਵਿੱਚ ਚੰਡੀਗੜ੍ਹ ਵਿਖੇ ਰੋਸ ਮੁਜ਼ਾਹਰਾ ਕੀਤਾ।ਇਕੱਠੇ ਹੋਏ ਮਜ਼ਦੂਰਾਂ ਦੇ ਸ਼ਾਂਤਮਈ ਮਾਰਚ ਨੂੰ ਚੰਡੀਗੜ੍ਹ ਪੁਲਸ ਨੇ ਡੇਢ-ਦੋ ਕਿਲੋਮੀਟਰ ਪਹਿਲਾਂ ਹੀ ਰੋਕ ਲਿਆ ਤੇ ਲੇਬਰ ਵਿਭਾਗ ਦੇ ਮੁੱਖ ਦਫਤਰ ਤੱਕ ਨਹੀਂ ਪਹੁੰਚਣ ਦਿੱਤਾ।ਪੁਲਸ ਵੱਲੋਂ ਲਗਾਈ ਰੋਕ ਵਾਲੀ ਥਾਂ ਉੱਤੇ ਹੀ ਮਜ਼ਦੂਰਾਂ ਨੇ ਮੁਜ਼ਾਹਰਾ ਸ਼ੁਰੂ ਕਰ ਦਿੱਤਾ।ਮੁਜ਼ਾਹਰੇ ਦੇ ਦਬਾਅ ਕਾਰਨ ਅਸਿਸਟੈਂਟ ਲੇਬਰ ਕਮਿਸ਼ਨਰ ਨੂੰ ਧਰਨੇ ਵਾਲੀ ਥਾਂ 'ਤੇ ਆਉਣਾ ਪਿਆ ਤੇ ਮੰਗ-ਪੱਤਰ ਲੈਣਾ ਪਿਆ। ਰੋਸ ਮੁਜ਼ਾਹਰੇ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਅੱਠ ਘੰਟੇ ਕੰਮ ਕਰਨ ਵਾਲੇ ਹਰ ਮਜ਼ਦੂਰ (ਔਰਤ ਜਾਂ ਮਰਦ) ਦੀ ਮਹੀਨਾਵਾਰ ਤਨਖਾਹ ?30,000 ਕੀਤੀ ਜਾਵੇ, ਓਵਰਟਾਈਮ ਦਾ ਭੁਗਤਾਨ ਦੁੱਗਣਾ ਹੋਵੇ, ਮਰਦਾਂ ਤੇ ਔਰਤਾਂ ਨੂੰ ਬਰਾਬਰ ਤਨਖਾਹ

### ■ ਅਸਿਸਟੈਂਟ ਲੇਬਰ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



ਦਿੱਤੀ ਜਾਵੇ, ਹਫਤਾਵਾਰੀ ਛੁੱਟੀ ਦੇ ਨਾਲ-ਨਾਲ ਬੀਮਾਰੀ ਦੀਆਂ ਤੇ ਸਾਰੀਆਂ ਸਰਕਾਰੀ ਛੁੱਟੀਆਂ ਤਨਖਾਹ ਸਮੇਤ ਮਿਲਣ, ਫੈਕਟਰੀਆਂ ਦੀ ਨਿਯਮਤ ਚੈਕਿੰਗ (ਨਿਰੀਖਣ) ਹੋਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਕਿਰਤ ਕਾਨੂੰਨ ਲਾਗੂ ਹੋਣ, ਵਧਦੀ ਮਹਿੰਗਾਈ 'ਤੇ ਰੋਕ ਲਗਾਈ ਜਾਵੇ ਤੇ ਚਾਰ ਨਵੇਂ ਲੇਬਰ ਕੋਡ ਰੱਦ ਕੀਤੇ ਜਾਣ।ਏ.ਐੱਲ.ਸੀ. ਅਕਾਸ਼ ਮਿੱਤਲ ਨੇ ਭਰੋਸਾ ਦਿੱਤਾ ਕਿ ਤਨਖਾਹ ਵਧਾਉਣ ਤੇ ਨਵੇਂ ਲੇਬਰ ਕੋਡ ਰੱਦ ਕਰਵਾਉਣ ਦੀ ਮੰਗ ਨੂੰ ਉਹ ਚੰਡੀਗੜ੍ਹ ਪ੍ਰਸ਼ਾਸਨ ਤੱਕ ਜਲਦੀ ਤੋਂ ਜਲਦੀ ਪਹੁੰਚਾਉਣਗੇ।ਇਸ ਤੋਂ ਇਲਾਵਾ ਬਾਕੀ ਮੰਗਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਲਈ ਤੇ ਕਿਰਤ ਕਾਨੂੰਨਾਂ ਦੀ ਉਲੰਘਣਾ ਨਾਲ ਜੁੜੀਆਂ ਮਜ਼ਦੂਰਾਂ ਦੀਆਂ ਸ਼ਿਕਾਇਤਾਂ 'ਤੇ ਸਖਤੀ ਨਾਲ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਕਾਰਖਾਨਾ ਮਜ਼ਦੂਰ ਯੂਨੀਅਨ, ਚੰਡੀਗੜ੍ਹ ਨੇ ਦੱਸਿਆ ਕਿ ਅਸਿਸਟੈਂਟ ਲੇਬਰ ਕਮਿਸ਼ਨਰ ਨੇ 20 ਦਿਨਾਂ ਦਾ ਸਮਾਂ ਮੰਗਿਆ ਹੈ।ਜੇਕਰ ਇਸ ਸਮੇਂ ਵਿੱਚ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਮੁਜ਼ਾਹਰੇ ਨੂੰ ਯੂਨੀਅਨ ਦੇ ਪ੍ਰਧਾਨ ਅੰਕਿਤ, ਮੈਂਬਰ ਨਮਿਤਾ, ਗੀਨਾ, ਨੌਜਵਾਨ ਭਾਰਤ ਸਭਾ ਤੋਂ ਪੁਸ਼ਪਿੰਦਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਮਜ਼ਦੂਰ ਅੰਦੋਲਨ ਲੰਬੇ ਸਮੇਂ ਦੇ ਖੜੋਤ ਨੂੰ ਤੋੜ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਇੱਕਜੁੱਟ ਹੋ ਕੇ ਸਾਨੂੰ ਹਰ ਤਰ੍ਹਾਂ ਦੀਆਂ ਚੁਣੌਤੀਆਂ ਲਈ ਤਿਆਰ ਰਹਿਣਾ ਹੋਵੇਗਾ ਤੇ ਸੰਘਰਸ਼ ਦੇ ਦਮ 'ਤੇ ਹੀ ਆਪਣੇ ਹੱਕ ਹਾਸਲ ਕਰਨੇ ਹੋਣਗੇ।ਇਹ ਇੱਕ ਲੰਬੀ ਲੜਾਈ ਹੈ, ਜਿਸ ਨੂੰ ਲੈ ਕੇ ਸੰਘਰਸ਼ ਜਾਰੀ ਰੱਖਿਆ ਜਾਵੇਗਾ ਤੇ ਸਨਅਤੀ ਮਜ਼ਦੂਰਾਂ ਦੇ ਹੱਕ ਵਿੱਚ ਮਜ਼ਦੂਰ ਪੱਖੀ ਕਾਨੂੰਨੀ ਅਧਿਕਾਰਾਂ ਨੂੰ ਬਹਾਲ ਕਰਵਾਉਣ ਲਈ ਮਜ਼ਦੂਰਾਂ ਨੂੰ ਜਥੇਬੰਦ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਕੈਬਨਿਟ ਮੰਤਰੀ ਗੋਇਲ ਦੇ ਵਿਕਾਸ ਕੰਮ ਬੋਲਣ ਲੱਗੇ!

**ਮੂਣਕ (ਰਾਜਪਾਲ ਸਿੰਗਲਾ)**

ਲਹਿਰਾਗਾਗਾ ਅੰਦਰ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਭਾਰੀ ਸਿਆਸੀ ਬਲ ਮਿਲਿਆ, ਜਦੋਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਹਲਕੇ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੁੰਦਿਆਂ ਕਬੀਰ ਦਾਸ ਮੰਦਰ ਕਮੇਟੀ ਮੂਣਕ ਦੇ ਪ੍ਰਧਾਨ ਸੰਜੇ ਕਬੀਰ ਦੀ ਅਗਵਾਈ ਵਿੱਚ ਸੈਂਕੜੇ ਪਰਿਵਾਰਾਂ ਤੇ ਸਮੁੱਚੀ ਕਲੋਨੀ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਸ ਸਬੰਧੀ ਹੋਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਮੰਤਰੀ ਐਡਵੋਕੇਟ ਵਰਿੰਦਰ ਗੋਇਲ ਤੇ ਉਨ੍ਹਾਂ ਦੇ ਬੇਟੇ ਗੌਰਵ ਗੋਇਲ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਸਨਮਾਨਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਹਰ ਛੋਟੇ ਵੱਡੇ ਵਰਕਰ ਦਾ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੇ ਲੋਕ ਭਲਾਈ

### ■ ਕਬੀਰ ਦਾਸ ਮੰਦਰ ਕਮੇਟੀ ਦੀ ਅਗਵਾਈ 'ਚ ਸੈਂਕੜੇ ਪਰਵਾਰ 'ਆਪ' 'ਚ ਸ਼ਾਮਲ



ਕੰਮਾਂ ਨੂੰ ਪਸੰਦ ਕਰ ਰਹੇ ਹਨ, ਜਿਸ ਦੇ ਚਲਦੇ ਸਮੁੱਚੇ ਪੰਜਾਬ ਅੰਦਰ ਵੱਖ-ਵੱਖ ਪਾਰਟੀਆਂ ਛੱਡ ਕੇ ਲੋਕ ਆਪ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੀ ਖੁਸ਼ਹਾਲੀ, ਤਰੱਕੀ, ਅਮਨ ਸ਼ਾਂਤੀ ਲਈ ਕੀਤੇ ਜਾ ਰਹੇ ਕੰਮ ਇਤਿਹਾਸਕ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਕੋਲ ਸਰਕਾਰ ਨੂੰ ਕੋਸਣ ਤੋਂ ਇਲਾਵਾ ਕੋਈ ਮੁੱਦਾ ਨਹੀਂ, ਵਿਰੋਧੀ ਪਾਰਟੀਆਂ ਕੋਲ ਪੰਜਾਬ ਦੀ ਤਰੱਕੀ ਤੇ ਵਿਕਾਸ ਲਈ ਕੋਈ ਏਜੰਡਾ ਨਹੀਂ ਹੈ। ਉਨ੍ਹਾਂ ਅਕਾਲੀ, ਭਾਜਪਾ ਤੇ ਕਾਂਗਰਸ ਨੂੰ ਫਿਰਕਾਪ੍ਰਸਤ ਪਾਰਟੀਆਂ ਕਰਾਰ ਦਿੰਦਿਆਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਇਨ੍ਹਾਂ ਪਾਰਟੀਆਂ ਨੂੰ ਮੂੰਹ ਨਹੀਂ ਲਾਉਣਗੇ, ਜਿਸ ਦੇ ਚਲਦਿਆਂ ਆਮ ਆਦਮੀ ਪਾਰਟੀ ਇੱਕ ਵਾਰ ਫਿਰ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਸੱਤਾ ਵਿੱਚ ਆਵੇਗੀ।

ਇਸ ਮੌਕੇ ਉਨ੍ਹਾਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ 2027 ਦੀਆਂ ਚੋਣਾਂ ਲਈ ਬੂਥ ਪੱਧਰ 'ਤੇ ਕੰਮ ਕਰਨ ਲਈ ਪ੍ਰੇਰਤ ਵੀ ਕੀਤਾ।ਇਸ ਮੌਕੇ ਟਕਸਾਲੀ ਕਾਂਗਰਸੀ ਆਗੂ ਦੇਬਾ ਸਿੰਘ, ਕਬੀਰ ਦਾਸ ਮੰਦਰ ਕਮੇਟੀ ਦੇ ਪ੍ਰਧਾਨ ਸੰਜੇ ਕਬੀਰ, ਕ੍ਰਿਸ਼ਨ ਸਿੰਘ, ਦਰਬਾਰਾ ਸਿੰਘ, ਕੁਲਦੀਪ ਸਿੰਘ, ਬਲਵੰਤ ਸਿੰਘ, ਸੋਨੀ, ਬੇਬੋ ਕੌਰ ਤੋਂ ਇਲਾਵਾ ਹੋਰ ਪਾਰਟੀ ਦੇ ਆਗੂ ਤੇ ਵਲੰਟੀਅਰ ਹਾਜ਼ਰ ਸਨ।

## ਚੇਅਰਮੈਨ ਵੇਅਰ ਹਾਊਸਿੰਗ ਕਾਰਪੋਰੇਸ਼ਨ ਧੀਰਾ ਖੁੱਡੀਆਂ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਸਟੇਟ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਨਿਯੁਕਤ ਹੋਣ ਤੋਂ ਬਾਅਦ ਰਣਧੀਰ ਸਿੰਘ ਧੀਰਾ ਖੁੱਡੀਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਨਤਮਸਤਕ ਹੋਏ।ਇਸ ਮੌਕੇ ਉਨ੍ਹਾਂ ਨੇ ਗੁਰੂ ਘਰ ਵਿਖੇ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਸੰਕਲਪ ਲਿਆ।ਇਸ ਦੌਰਾਨ ਉਨ੍ਹਾਂ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਪੂਰਨ ਭਰੋਸਾ ਦਿਵਾਇਆ ਕਿ ਵਪਾਰੀ ਵਰਗ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਯਤਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਉਨ੍ਹਾਂ 'ਤੇ ਜਤਾਇਆ ਹੈ, ਉਹ ਉਸ 'ਤੇ ਪੂਰੀ ਤਰ੍ਹਾਂ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਹਲਕਾ ਤਲਵੰਡੀ ਸਾਬੋ ਤੋਂ ਵਿਧਾਇਕ ਤੇ ਚੀਫ਼ ਵਿਪ ਕੈਬਨਿਟ ਰੈਂਕ ਪ੍ਰੋ: ਬਲਜਿੰਦਰ ਕੌਰ ਦੇ ਪਿਤਾ ਦਰਸ਼ਨ ਸਿੰਘ ਜਗਾ ਰਾਮ ਤੀਰਥ ਨੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਮਾਰਕੀਟ ਕਮੇਟੀ ਤਲਵੰਡੀ ਸਾਬੋ ਦੇ ਚੇਅਰਮੈਨ ਟੇਕ ਸਿੰਘ ਬੰਗੀ ਅਤੇ ਹੋਰ ਆਗੂ ਤੇ ਪਾਰਟੀ ਵਰਕਰ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚਾ ਵੱਲੋਂ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਦੀ ਹਮਾਇਤ ਦਾ ਫੈਸਲਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਕਿਸਾਨ ਆਗੂ ਅਮਰਜੀਤ ਹਨੀ ਦੱਸਿਆ ਕਿ ਪੰਜਾਬ ਭਰ ਵਿੱਚ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਦੇ ਚੱਲ ਰਹੇ ਸੰਘਰਸ਼ ਦੇ ਸੰਬੰਧ ਵਿੱਚ ਸੰਯੁਕਤ ਕਿਸਾਨ ਮੋਰਚਾ ਬਠਿੰਡਾ ਦੀ ਅਗਵਾਈ ਵਿੱਚ ਟੀਚਰ ਹੋਮ ਬਠਿੰਡਾ ਵਿੱਚ ਐਮਰਜੈਂਸੀ ਕਿਸਾਨ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕੀਤੀ ਗਈ। ਇਹ ਮੀਟਿੰਗ ਸੇਵਾ ਕੇਂਦਰ ਦੇ ਮੁਲਾਜ਼ਮਾਂ ਦੇ ਬਠਿੰਡਾ ਵਿੱਚ ਚੱਲ ਰਹੇ ਸੰਘਰਸ਼ ਦੀ ਹਮਾਇਤ 'ਚ ਬੀ ਕੇ ਯੂ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਪੰਜਾਬ ਪੱਧਰ 'ਤੇ ਚੱਲ ਰਹੇ ਸੰਘਰਸ਼ ਦੇ ਸੰਬੰਧ 'ਚ ਚਰਚਾ ਕੀਤੀ ਗਈ ਅਤੇ ਸਰਕਾਰ ਵੱਲੋਂ ਜੋ ਮੁਲਾਜ਼ਮਾਂ 'ਤੇ ਜਬਰ ਢਾਹਿਆ ਗਿਆ, ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜਨ. ਸਕੱਤਰ ਬਲਕਰਨ ਸਿੰਘ ਬਰਾੜ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਬਹੁਤ ਵੱਡੇ ਵੱਡੇ ਕੱਚੇ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਸਨ ਕਿ ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ ਜਦਕਿ ਸੇਵਾ ਕੇਂਦਰਾਂ 'ਚ ਪਿਛਲੇ 10 ਸਾਲਾਂ ਤੋਂ ਕੰਮ ਕਰਦੇ ਮੁਲਾਜ਼ਮਾਂ ਵੱਲ ਸਰਕਾਰ ਦਾ ਕੋਈ ਵੀ ਧਿਆਨ ਨਹੀਂ ਗਿਆ ਅਤੇ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਹਨ ਤਾਂ ਸਰਕਾਰ ਡੰਡੇ ਦੇ ਜ਼ੋਰ ਉਨ੍ਹਾਂ ਦੀ ਆਵਾਜ਼ ਬੰਦ ਕਰਨ 'ਤੇ ਲੱਗੀ ਹੋਈ ਹੈ। ਪੰਜਾਬ ਦੇ ਕਿਸਾਨ ਮਜ਼ਦੂਰ ਮੁਲਾਜ਼ਮਾਂ ਨੂੰ ਸਾਂਝੇ ਸੰਘਰਸ਼ ਲੜਨ ਦਾ ਸੱਦਾ ਦਿੱਤਾ ਗਿਆ। ਅੱਜ ਦੀ ਮੀਟਿੰਗ 'ਚ ਸਰਬ ਸੰਮਤੀ ਨਾਲ ਸਾਂਝਾ ਫੈਸਲਾ ਕੀਤਾ ਗਿਆ ਕਿ ਬਠਿੰਡਾ ਵਿੱਚ ਸੇਵਾ ਕੇਂਦਰਾਂ ਦੇ ਚੱਲ ਰਹੇ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ ਜਾਵੇਗੀ। ਸੋਮਵਾਰ ਫੌਰੀ ਸੰਯੁਕਤ ਕਿਸਾਨ ਮੋਰਚੇ ਦੇ ਆਗੂ, ਮੁਲਾਜ਼ਮ ਜਥੇਬੰਦੀਆਂ ਦੇ ਆਗੂ ਧਰਨੇ 'ਚ ਸ਼ਾਮਲ ਹੋਏ। ਮੀਟਿੰਗ ਵਿੱਚ ਸ਼ਾਮਲ ਜਥੇਬੰਦੀਆਂ ਬੀ ਕੇ ਯੂ ਏਕਤਾ ਉਗਰਾਹਾਂ ਦੇ ਆਗੂ ਸਿਮਰਨਜੀਤ ਸਿੰਘ ਚੱਕ ਫਤਿਹ ਸਿੰਘ ਵਾਲਾ, ਬੀ ਕੇ ਯੂ ਏਕਤਾ ਡਕੌਂਦਾ ਬਠਿੰਡੇ ਜ਼ਿਲ੍ਹੇ ਦੇ ਪ੍ਰਧਾਨ ਹਰਵਿੰਦਰ ਸਿੰਘ ਬਿੰਦਰ ਕੋਟਲੀ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਜਸਵੀਰ ਸਿੰਘ ਅਕਲੀਆ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਮਲਕੀਤ ਸਿੰਘ ਬੀ ਕੇ ਯੂ ਡਕੌਂਦਾ, ਬੁਰਜ ਗਿੱਲ ਦੇ ਜ਼ਿਲ੍ਹਾ ਬਠਿੰਡਾ ਦੇ ਮੀਤ ਪ੍ਰਧਾਨ ਬੂਟਾ ਸਿੰਘ ਤੁੰਗਵਾਲੀ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਖਸ਼ੀਸ਼ ਸਿੰਘ ਗੋਬਿੰਦਪੁਰਾ, ਮੁਲਾਜ਼ਮ ਜਥੇਬੰਦੀਆਂ ਦੇ ਆਗੂ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ ਬਠਿੰਡਾ, ਫੈਡਰੇਸ਼ਨ ਦੇ ਹਰਨੇਕ ਸਿੰਘ ਗਹਿਰੀ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਭੁਪਿੰਦਰ ਸਿੰਘ ਨਿਉਰ ਮੀਟਿੰਗ ਵਿੱਚ ਵੱਡੀ ਗਿਣਤੀ ਆਗੂ ਸ਼ਾਮਲ ਹੋਏ।

# ਹਵਾ ਪ੍ਰਦੂਸ਼ਣ ਦੇ ਵਿਗੜ ਰਹੇ ਹਾਲਾਤ ਭਵਿੱਖ ਲਈ ਵੱਡੀ ਚੁਣੌਤੀ : ਮਹਿੰਦੀਰੱਤਾ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)**

ਜੇਕਰ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਪੈਮਾਨੇ ਅਰਥਾਤ ਏਅਰ ਕੁਆਲਟੀ ਇੰਡੈਕਸ (ਏ.ਕਿਊ.ਆਈ.) ਵਿੱਚ ਸੁਧਾਰ ਨਾ ਕੀਤਾ ਤੇ ਵਾਤਾਵਰਣ ਦੀ ਸੰਭਾਲ ਨੂੰ ਆਪਣੀ ਆਦਤ ਨਾ ਬਣਾਇਆ, ਤਾਂ ਆਉਣ ਵਾਲੀ ਨਵੀਂ ਪੀੜ੍ਹੀ ਦਾ ਭਵਿੱਖ ਪੂਰੀ ਤਰ੍ਹਾਂ ਅਸੁਰੱਖਿਅਤ ਹੋ ਜਾਵੇਗਾ।ਇਹ ਪ੍ਰਗਟਾਵਾ ਪ੍ਰਸਿੱਧ ਸਮਾਜਸੇਵੀ ਤੇ 'ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ' ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਇੱਥੇ ਇੱਕ ਜਾਗਰੂਕਤਾ ਸੈਮੀਨਾਰ ਦੌਰਾਨ ਕੀਤਾ।ਇਹ ਸੈਮੀਨਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਿੱਖਾਂਵਾਲਾ ਰੋਡ ਸਥਿਤ ਜ਼ੋਨਲ ਦਫ਼ਤਰ ਵਿਖੇ ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਦੇ ਮੱਦੇਨਜ਼ਰ ਚੱਲ ਰਹੇ 'ਗਿਆਨ ਅੰਜਨੁ ਸਮਰ ਕੈਂਪ' ਦੀ ਲੜੀ ਤਹਿਤ ਕਰਵਾਇਆ ਗਿਆ ਸੀ।

ਬਿਮਾਰੀਆਂ ਦਾ ਵੱਧ ਰਿਹਾ ਪ੍ਰਕੋਪ ਮੁੱਖ ਵਕਤਾ ਦੇ ਤੌਰ 'ਤੇ ਪਹੁੰਚੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਅੰਕੜਿਆਂ ਸਹਿਤ ਦਲੀਲ ਨਾਲ ਸਮਝਾਉਂਦਿਆਂ ਦੱਸਿਆ ਕਿ ਵਾਤਾਵਰਣ ਦੇ ਵਿਗਾੜ ਕਰਕੇ ਜੋ ਭਿਆਨਕ ਬਿਮਾਰੀਆਂ

### ■ 'ਗਿਆਨ ਅੰਜਨੁ ਸਮਰ ਕੈਂਪ' ਦੌਰਾਨ ਵਾਤਾਵਰਣ ਜਾਗਰੂਕਤਾ ਸੈਮੀਨਾਰ



ਜਨਮ ਲੈ ਰਹੀਆਂ ਹਨ, ਉਸ ਨੇ ਸਾਡਾ ਜਨ-ਜੀਵਨ ਅਸਤ-ਵਿਅਸਤ ਕਰ ਦਿੱਤਾ ਹੈ।ਉਨ੍ਹਾਂ ਦੱਸਿਆ ਕਿ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਕੋਟਕਪੂਰਾ ਗਰੁੱਪ ਆਫ਼ ਫੈਮਿਲੀਜ਼ ਬਰੈਂਪਟਨ (ਕੈਨੇਡਾ) ਦੇ ਸਹਿਯੋਗ ਨਾਲ ਜਾਗਰੂਕਤਾ ਸਮੱਗਰੀ ਦੀਆਂ ਲੱਖਾਂ ਕਾਪੀਆਂ ਸਕੂਲਾਂ ਤੇ ਕਾਲਜਾਂ ਵਿੱਚ ਵੰਡੀਆਂ ਜਾ ਚੁੱਕੀਆਂ ਹਨ, ਤਾਂ ਜੋ ਵਾਤਾਵਰਣ ਦੀ ਸੰਭਾਲ ਕਰਕੇ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।ਪਾਣੀ ਦੇ ਸੰਕਟ 'ਤੇ ਚਿੰਤਾ ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਵਸਨੀਕ ਅੱਜ ਮੁੱਲ ਦਾ ਪਾਣੀ ਖਰੀਦ ਕੇ ਪੀਣ ਲਈ ਮਜਬੂਰ ਹਨ।ਅਸੀਂ ਆਪਣੇ ਕੁਦਰਤੀ ਸਰੋਤ ਪਲੀਤ ਕਰ ਲਏ ਹਨ, ਧਰਤੀ ਹੇਠਲਾ ਪਾਣੀ ਜਾਂ ਤਾਂ ਬਹੁਤ ਡੂੰਘਾ ਚਲਾ ਗਿਆ ਹੈ ਜਾਂ ਫਿਰ ਅਸੀਂ ਉਸ ਨੂੰ ਪ੍ਰਦੂਸ਼ਿਤ ਕਰਨ ਵਿੱਚ ਅਹਿਮ ਰੋਲ ਨਿਭਾਇਆ ਹੈ।ਇਸ ਮੌਕੇ ਉਨ੍ਹਾਂ ਮੀਂਹ ਦੇ ਪਾਣੀ ਦੀ ਸੰਭਾਲ (ਰੇਨ ਵਾਟਰ ਹਾਰਵੈਸਟਿੰਗ) ਤੇ ਪਾਣੀ ਦੀ ਬੱਚਤ ਬਾਰੇ ਵੀ ਕਈ ਅਹਿਮ ਨੁਕਤੇ ਸਾਂਝੇ ਕੀਤੇ।

ਸਮਾਗਮ ਦੌਰਾਨ ਸੁਸਾਇਟੀ ਦੇ ਸੀਨੀਅਰ ਆਗੂ ਵਰਿੰਦਰਪਾਲ ਸਿੰਘ ਅਰਨੇਜਾ (ਐੱਲ.ਆਈ.ਸੀ. ਐਡਵਾਈਜ਼ਰ) ਤੇ ਸੀਨੀਅਰ ਪੱਤਰਕਾਰ ਗੁਰਮੀਤ ਸਿੰਘ ਮੀਤਾ ਸਮੇਤ ਹੋਰਨਾਂ ਸੇਵਾਦਾਰਾਂ ਨੇ ਵੀ ਹਵਾ ਪ੍ਰਦੂਸ਼ਣ ਨਾਲ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ।ਇਸ ਮੌਕੇ ਡਾ. ਅਵੀਨਿੰਦਰਪਾਲ ਸਿੰਘ, ਜਗਮੋਹਨ ਸਿੰਘ, ਰਾਜਵੀਰ ਸਿੰਘ, ਪ੍ਰਭਪ੍ਰੀਤ ਸਿੰਘ ਤੇ ਗਗਨਪ੍ਰੀਤ ਸਿੰਘ ਡਿੰਪਲ ਵੱਲੋਂ ਮੁੱਖ ਵਕਤਾ ਗੁਰਿੰਦਰ ਸਿੰਘ ਮਹਿੰਦੀਰੱਤਾ, ਵਰਿੰਦਰਪਾਲ ਸਿੰਘ ਅਰਨੇਜਾ ਤੇ ਗੁਰਮੀਤ ਸਿੰਘ ਮੀਤਾ ਦਾ ਧਾਰਮਿਕ ਪੁਸਤਕਾਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਕਿਸਾਨ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰਨ-ਡਾ. ਗਰਗ

**ਸੰਗਰੂਰ (ਪ੍ਰਵੀਨ ਸਿੰਘ)**-ਰਸਾਇਣਕ ਖਾਦਾਂ ਦੀ ਸੰਤੁਲਿਤ, ਸੁਚੱਜੀ ਵਰਤੋਂ ਤੇ ਜੀਵਾਣੂੰ ਖਾਦਾਂ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਬਾਲੀਆਂ (ਕੱਟੂ) ਵਿਖੇ ਝੋਨੇ ਤੇ ਬਾਸਮਤੀ ਦੀ ਪੌਦ ਨੂੰ ਲੱਗਣ ਵਾਲੇ ਜੀਵਾਣੂੰ ਖਾਦ ਦੇ ਟੀਕੇ, ਮਿੱਟੀ ਪਰਖ ਆਧਾਰਤ ਖਾਦ ਪ੍ਰਬੰਧਨ ਤੇ ਫਾਸਫੋਰਸ ਖਾਦ ਨੂੰ ਝੋਨੇ ਵਿੱਚ ਪਾਉਣ ਤੋਂ ਗੁਰੇਜ਼ ਕਰਨ ਸਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।ਕੈਂਪ ਵਿੱਚ 70 ਦੇ ਕਰੀਬ ਕਿਸਾਨਾਂ ਨੇ ਹਿੱਸਾ ਲਿਆ।ਕੈਂਪ ਦੀ ਅਗਵਾਈ ਕਰਦੇ ਹੋਏ ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਨਾ ਸਿਰਫ਼ ਖੇਤੀ ਦੀ ਲਾਗਤ ਘਟਦੀ ਹੈ, ਸਗੋਂ ਫਸਲ ਦੀ ਪੈਦਾਵਾਰ ਤੇ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ।ਉਨ੍ਹਾਂ ਮੌਕੇ 'ਤੇ ਹੀ ਮਿੱਟੀ ਦੇ ਨਮੂਨੇ ਲੈਣ ਦੀ ਵਿਧੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਖੁਦ ਨਮੂਨਾ ਲੈ ਕੇ ਕਿਸਾਨਾਂ ਨੂੰ ਪ੍ਰਯੋਗਾਤਮਕ ਤਰੀਕੇ ਨਾਲ ਸਮਝਾਇਆ।ਡਾ. ਗਰਗ ਨੇ ਕਿਸਾਨਾਂ ਨੂੰ ਝੋਨੇ ਤੇ ਬਾਸਮਤੀ ਵਿੱਚ ਡੀ.ਏ.ਪੀ. ਖਾਦ ਦੀ ਬੇਲੋੜੀ ਵਰਤੋਂ ਤੋਂ ਬਚਣ ਤੇ ਯੂਰੀਆ ਖਾਦ ਦੀ ਵੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਕੱਦੂ ਕਰਨ ਤੋਂ ਪਹਿਲਾਂ ਯੂਰੀਆ ਦੇ 2-3 ਥੈਲੇ ਵਰਤਣ ਦੀ ਪ੍ਰਥਾ ਤੋਂ ਗੁਰੇਜ਼ ਕਰਨ ਲਈ ਕਿਹਾ।ਉਨ੍ਹਾਂ ਝੋਨੇ ਵਿੱਚ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ ਹੀ ਜ਼ਿੰਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ।ਇਸ ਦੌਰਾਨ ਡਾ. ਗਰਗ ਨੇ ਝੋਨੇ ਦੀ ਪਨੀਰੀ ਵਿੱਚ ਬੌਣੇ ਬੂਟਿਆਂ ਦੇ ਰੋਗ ਦੀ ਪਛਾਣ ਤੇ ਰੋਕਥਾਮ ਸਬੰਧੀ ਸਿਫਾਰਸ਼ਾਂ ਵੀ ਸਾਂਝੀਆਂ ਕੀਤੀਆਂ ਤੇ ਕਿਸਾਨਾਂ ਨੂੰ ਪਨੀਰੀ ਦੀ ਨਿਯਮਤ ਨਿਗਰਾਨੀ ਕਰਨ ਲਈ ਪ੍ਰੇਰਿਆ। ਡਾ. ਸਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ (ਏ.ਡੀ.ਓ.) ਧੂਰੀ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਕੈਂਪ ਦੇ ਸਫਲ ਆਯੋਜਨ ਵਿੱਚ ਪ੍ਰਗਟ ਸਿੰਘ, ਕੁਲਦੀਪ ਸਿੰਘ (ਸਰਪੰਚ), ਜਗਦੀਸ਼ ਸਿੰਘ (ਪ੍ਰਧਾਨ ਕੋਆਪ੍ਰੇਟਿਵ ਸੋਸਾਇਟੀ), ਲਖਵੀਰ ਸਿੰਘ, ਸੁਖਦਰਸ਼ਨ ਸਿੰਘ (ਰਿਟਾਇਰਡ ਵੈਟਨਰੀ ਇੰਸਪੈਕਟਰ) ਤੇ ਹੋਰਾਂ ਨੇ ਵਿਸ਼ੇਸ਼ ਯੋਗਦਾਨ ਪਾਇਆ।

## ਜਨਰਲ ਬਾਡੀ ਦਾ ਆਮ ਅਜਲਾਸ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**

ਮੁੱਖ ਕਾਰਜਕਾਰੀ ਅਫਸਰ ਸਿਟਰਸ ਅਸਟੇਟ ਅਬੋਹਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਫਤਰ ਸਿਟਰਸ ਅਸਟੇਟ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਵਿਖੇ 10 ਜੁਲਾਈ 2026 ਨੂੰ ਸਵੇਰੇ 10 ਵਜੇ ਜਨਰਲ ਬਾਡੀ ਦਾ ਆਮ ਅਜਲਾਸ ਰੱਖਿਆ ਗਿਆ ਹੈ।ਅਜਲਾਸ ਵਿੱਚ ਸਟਰੈੱਸ ਸਟੇਟ ਅਬੋਹਰ ਦੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਣਾ ਹੈ।

ਉਨ੍ਹਾਂ ਦੱਸਿਆ ਕਿ ਜਨਰਲ ਬਾਡੀ ਦੇ ਆਮ ਅਜਲਾਸ ਵਿੱਚ ਰਜਿਸਟਰਡ ਬਾਗਬਾਨ ਹੀ ਭਾਗ ਲੈ ਸਕਦੇ ਹਨ।ਚਾਹਵਾਨ ਬਾਗਬਾਨ 30 ਜੂਨ 2026 ਤੱਕ ਰਜਿਸਟਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਕਿਸੇ ਵੀ ਦਫਤਰੀ ਕੰਮ ਵਾਲੇ ਦਿਨ ਮੁੱਖ ਕਾਰਜਕਾਰੀ ਅਫਸਰ ਸਟਰੇਸ ਅਸਟੇਟ ਅਬੋਹਰ ਤੇ ਦਫਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਦਿਕ ਸਟੇਡੀਅਮ 'ਚ ਬੁਨਿਆਦੀ ਖੇਡ ਸਹੂਲਤਾਂ ਦਾ ਮਾਮਲਾ ਮੁੜ ਉੱਠਿਆ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਮਾਜ ਸੇਵੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਦੱਸਿਆ ਕਿ ਸਾਦਿਕ ਸਟੇਡੀਅਮ ਦੀਆਂ ਬੁਨਿਆਦੀ ਸਮੱਸਿਆਵਾਂ ਸਬੰਧੀ ਪਹਿਲਾਂ ਉਠਾਏ ਗਏ ਮਾਮਲੇ ਦੇ ਬਾਵਜੂਦ ਦੁਬਾਰਾ ਸਥਾਨਕ ਖਿਡਾਰੀਆਂ, ਮਾਪਿਆਂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਵੱਲੋਂ ਲਿਖਤੀ ਬੇਨਤੀ ਪ੍ਰਾਪਤ ਹੋਈ ਹੈ, ਜਿਸ ਵਿੱਚ ਸਟੇਡੀਅਮ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਗਈ ਹੈ।ਅਰਸ਼ ਸੱਚਰ ਨੇ ਕਿਹਾ ਕਿ ਸਾਦਿਕ ਸਟੇਡੀਅਮ ਸਿਰਫ਼ ਇੱਕ ਖੇਡ ਮੈਦਾਨ ਨਹੀਂ, ਸਗੋਂ ਸਾਦਿਕ ਤੇ ਆਸ-ਪਾਸ ਦੇ ਲਗਭਗ 40 ਪਿੰਡਾਂ ਦੇ ਨੌਜਵਾਨਾਂ ਲਈ ਖੇਡਾਂ ਦਾ ਮੁੱਖ ਕੇਂਦਰ ਹੈ।ਹਰ ਰੋਜ਼ ਕਰੀਬ 200 ਤੋਂ 400 ਮੁੰਡੇ ਤੇ ਕੁੜੀਆਂ ਇੱਥੇ ਵੱਖ-ਵੱਖ ਖੇਡਾਂ ਦੀ ਪ੍ਰੈਕਟਿਸ ਕਰਨ ਲਈ ਆਉਂਦੇ ਹਨ ਅਤੇ ਸਮੇਂ-ਸਮੇਂ 'ਤੇ ਇੱਥੇ ਜ਼ਿਲ੍ਹਾ, ਰਾਜ ਤੇ ਹੋਰ ਵੱਡੇ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਸਭ ਤੋਂ ਗੰਭੀਰ ਤੇ ਚਿੰਤਾਜਨਕ ਮਸਲਾ ਲੜਕੀਆਂ ਤੇ ਲੜਕਿਆਂ ਲਈ ਬਾਥਰੂਮਾਂ ਦੀ ਘਾਟ ਹੈ।ਖ਼ਾਸ ਕਰਕੇ ਧੀਆਂ ਨੂੰ ਪ੍ਰੈਕਟਿਸ ਦੌਰਾਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਕਿ ਉਨ੍ਹਾਂ ਦੀ ਸਿਹਤ, ਸੁਰੱਖਿਆ ਤੇ ਸਨਮਾਨ ਨਾਲ ਜੁੜਿਆ ਹੋਇਆ ਮਾਮਲਾ ਹੈ।ਇਸ ਤੋਂ ਇਲਾਵਾ ਪੀਣ ਵਾਲੇ ਪਾਣੀ, ਰਨਿੰਗ ਟਰੈਕ, ਲਾਈਟਿੰਗ, ਸੁਰੱਖਿਆ, ਸਫ਼ਾਈ ਤੇ ਹੋਰ ਖੇਡ ਸਹੂਲਤਾਂ ਵਿੱਚ ਵੀ ਸੁਧਾਰ ਦੀ ਲੋੜ ਹੈ।ਅਰਸ਼ ਸੱਚਰ ਨੇ ਦੱਸਿਆ ਕਿ ਇਸ ਸਬੰਧੀ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਜੀ, ਖੇਡ ਮੰਤਰੀ ਤੇ ਖੇਡ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਤੁਰੰਤ ਯਾਦ ਪੱਤਰ ਤੇ ਜਨਹਿੱਤ ਅਰਜ਼ੀ ਭੇਜ ਕੇ ਸਾਦਿਕ ਸਟੇਡੀਅਮ ਦੀ ਉੱਚ ਪੱਧਰੀ ਜਾਂਚ

### ■ ਖਿਡਾਰੀਆਂ, ਮਾਪਿਆਂ ਤੇ ਸਮਾਜਿਕ ਆਗੂਆਂ ਦੀ ਮੰਗ 'ਤੇ ਮੁੱਖ ਮੰਤਰੀ ਨੂੰ ਅਰਜ਼ੀ ਭੇਜੀ

ਕਰਵਾਉਣ, ਬਾਥਰੂਮਾਂ ਦੀ ਤੁਰੰਤ ਉਸਾਰੀ, ਪਾਣੀ ਦੀ ਸਹੂਲਤ, ਟੁੱਟੇ ਢਾਂਚਿਆਂ ਦੀ ਮੁਰੰਮਤ ਤੇ ਸਟੇਡੀਅਮ ਨੂੰ 'ਮਾਡਲ ਰੂਰਲ ਸਪੋਰਟਸ ਸੈਂਟਰ' ਵਜੋਂ ਵਿਕਸਤ ਕਰਨ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜੇਕਰ ਪਹਿਲਾਂ ਕੀਤੀਆਂ ਮੰਗਾਂ ਦੇ ਬਾਵਜੂਦ ਸਬੰਧਤ ਵਿਭਾਗ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦੀ ਐਕਸ਼ਨ ਟੇਕਨ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਇਸ ਮਹੱਤਵਪੂਰਨ ਜਨਹਿਤ ਮਸਲੇ ਨੂੰ ਲੰਬੇ ਸਮੇਂ ਤੱਕ ਕਿਉਂ ਲਟਕਾਇਆ ਗਿਆ।ਅਰਸ਼ ਸੱਚਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਸਾਦਿਕ ਵਰਗੇ ਮਹੱਤਵਪੂਰਨ ਖੇਡ ਕੇਂਦਰਾਂ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਚਿੰਤਾ ਦਾ ਵਿਸ਼ਾ ਹੈ।ਜੇਕਰ ਸਮੇਂ ਸਿਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਇਹ ਸਟੇਡੀਅਮ ਨਾ ਸਿਰਫ਼ ਖੇਡ ਪ੍ਰਤਿਭਾਵਾਂ ਨੂੰ ਨਿਖਾਰ ਸਕਦਾ ਹੈ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾ ਸਕਦਾ ਹੈ।ਉਨ੍ਹਾਂ ਪੰਜਾਬ ਸਰਕਾਰ ਤੇ ਖੇਡ ਵਿਭਾਗ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਅਤਿ ਜ਼ਰੂਰੀ ਜਨਹਿਤ ਮਾਮਲਾ ਮੰਨਦੇ ਹੋਏ ਤੁਰੰਤ ਕਾਰਵਾਈ ਕੀਤੀ ਜਾਵੇ ਤੇ ਖਿਡਾਰੀਆਂ ਨੂੰ ਉਨ੍ਹਾਂ ਦਾ ਹੱਕ ਦਿੱਤਾ ਜਾਵੇ।

## ਪਟਿਆਲਾ ਵਿਖੇ ਸੰਘਰਸ਼ੀ ਲਾਈਨਮੈਨਾਂ 'ਤੇ ਹੋਏ ਲਾਠੀਚਾਰਜ ਦੀ ਸਖਤ ਨਿਖੇਧੀ

### ਟੀ ਐੱਸ ਯੂ ਤੇ ਪੈਨਸ਼ਨਰਾਂ ਵੱਲੋਂ ਤਿੱਖੇ ਸੰਘਰਸ਼ ਦੀ ਚਿਤਾਵਨੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਟਿਆਲਾ ਵਿਖੇ ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਅਪ੍ਰੈਂਟਿਸ ਲਾਈਨਮੈਨਾਂ 'ਤੇ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਨੇ ਪੂਰੇ ਸੂਬੇ ਵਿੱਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ। ਫਿਰੋਜ਼ਪੁਰ ਵਿਖੇ ਟੈਕਨੀਕਲ ਸਰਵਿਸ ਯੂਨੀਅਨ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਆਗੂਆਂ ਨੇ ਇੱਕ ਸਾਂਝੀ ਹੰਗਾਮੀ ਮੀਟਿੰਗ ਕਰਕੇ ਇਸ ਸਰਕਾਰੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਟੈਕਨੀਕਲ ਸਰਵਿਸ ਯੂਨੀਅਨ (ਸਰਕਲ ਫਿਰੋਜ਼ਪੁਰ) ਤੇ ਪੈਨਸ਼ਨਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਪਟਿਆਲਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਆਈਟੀਆਈ ਅਪ੍ਰੈਂਟਸ਼ਿਪ ਲਾਇਨਮੈਨਾਂ 'ਤੇ ਹੋਏ ਪੁਲਸ ਤਸ਼ੱਦਦ ਦਾ ਗੰਭੀਰ ਨੋਟਿਸ ਲਿਆ ਗਿਆ। ਯੂਨੀਅਨ ਆਗੂਆਂ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਲੋਕਤੰਤਰ ਦਾ ਘਾਣ ਕਰ ਰਹੀ ਹੈ ਤੇ ਹੱਕ ਮੰਗਦੇ ਲੋਕਾਂ ਦੀ ਆਵਾਜ਼ ਨੂੰ ਡਾਂਗ ਦੇ ਜ਼ੋਰ 'ਤੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੈਨਸ਼ਨਰ ਐਸੋਸੀਏਸ਼ਨ ਦੇ ਸਰਕਲ ਪ੍ਰਧਾਨ ਸੁਰਿੰਦਰ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰਨਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਪੁਲਸ ਅਧਿਕਾਰੀਆਂ ਨੇ ਨਿਹੱਥੇ ਲਾਈਨਮੈਨਾਂ 'ਤੇ ਅੰਨ੍ਹੇਵਾਹ ਲਾਠੀਆਂ ਚਲਾਈਆਂ ਹਨ, ਉਨ੍ਹਾਂ ਵਿਰੁੱਧ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ ਉਨ੍ਹਾਂ ਨੂੰ ਇਨਸਾਫ਼ ਨਾ ਮਿਲਿਆ ਤੇ ਮੰਗਾਂ ਨਾ ਮੰਨੀਆਂ ਗਈਆਂ, ਤਾਂ ਆਉਣ ਵਾਲੇ ਦਿਨਾਂ ਵਿੱਚ ਡਵੀਜ਼ਨ ਪੱਧਰ 'ਤੇ ਵੱਡੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਆਗੂ ਰਮਨਦੀਪ ਸਿੰਘ ਲਾਹੌਰੀਆ ਨੇ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਵਰਗ ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਰਕੇਸ਼ ਸ਼ਰਮਾ, ਪ੍ਰਕਾਸ਼ ਬੱਤਰਾ, ਚੰਨਨ ਸਿੰਘ, ਸ਼ਾਮ ਸਿੰਘ ਪੈਨਸ਼ਨਰ ਐਸੋਸੀਏਸ਼ਨ ਤੋਂ ਇਲਾਵਾ ਰਵੀ ਸ਼ਰਮਾ, ਮਨਜੀਤ ਸਿੰਘ, ਜਗਸੀਰ ਸਿੰਘ ਤੇ ਹੋਰ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਮਹਾਂ ਕਾਲ ਸੇਵਾ ਸੋਸਾਇਟੀ ਵੱਲੋਂ ਮੁਫ਼ਤ ਸ਼ੂਗਰ ਤੇ ਬੀ ਪੀ ਚੈੱਕਅੱਪ ਕੈਂਪ 11 ਨੂੰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਇਲਾਕੇ ਦੀ ਅਗਾਂਹਵਧੂ ਸਮਾਜ ਸੇਵੀ ਸੰਸਥਾ 'ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ' ਵੱਲੋਂ ਮਾਨਵਤਾ ਦੀ ਸੇਵਾ ਨੂੰ ਮੁੱਖ ਰੱਖਦਿਆਂ ਇੱਕ ਮੁਫ਼ਤ ਬੀ.ਪੀ., ਸ਼ੂਗਰ ਚੈੱਕਅਪ ਅਤੇ ਅਵੇਅਰਨੈੱਸ ਕੈਂਪ 11 ਜੂਨ ਨੂੰ ਲਗਾਇਆ ਜਾ ਰਿਹਾ ਹੈ। ਇਹ ਕੈਂਪ ਸਥਾਨਕ ਕਿਲ੍ਹਾ ਮੁਬਾਰਕ ਚੌਂਕ ਵਿਖੇ ਸਵੇਰੇ 5:30 ਵਜੇ ਤੋਂ ਲੈ ਕੇ 9:30 ਵਜੇ ਤੱਕ ਚੱਲੇਗਾ। ਸੁਸਾਇਟੀ ਦੇ ਮੀਤ ਪ੍ਰਧਾਨ ਗੁਰਮੀਤ ਸਿੰਘ ਬੱਗੂ ਨੇ ਦੱਸਿਆ ਕਿ ਸੋਮਵਾਰ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਅਤੇ ਚੇਅਰਮੈਨ ਅਸ਼ੋਕ ਭਟਨਾਗਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ।ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਕੈਂਪ ਦੌਰਾਨ 'ਸੁਖਮਣੀ ਲੈਬੋਰਟਰੀ ਫ਼ਰੀਦਕੋਟ' ਸਮੇਤ ਮੈਡੀਕਲ ਅਫ਼ਸਰ ਡਾਕਟਰ ਡਾਇਮੰਡ ਸ਼ਰਮਾ ਅਤੇ ਡਾਕਟਰ ਅਰੁਣ ਪੁਰੀ ਦੀ ਅਗਵਾਈ ਹੇਠ ਮਾਹਰਾਂ ਦੀ ਟੀਮ ਸ਼ਿਰਕਤ ਕਰੇਗੀ।ਕੈਂਪ ਵਿੱਚ ਬਲੱਡ ਪ੍ਰੈਸ਼ਰ (ਬੀ.ਪੀ.) ਅਤੇ ਸ਼ੂਗਰ ਮੁਫ਼ਤ ਚੈੱਕ ਕੀਤਾ ਜਾਵੇਗਾ।ਇਸ ਦੇ ਨਾਲ ਹੀ ਮਾਹਰ ਡਾਕਟਰਾਂ ਵੱਲੋਂ ਲੋਕਾਂ ਨੂੰ ਇਨ੍ਹਾਂ ਨਾਮੁਰਾਦ ਬਿਮਾਰੀਆਂ ਤੋਂ ਬਚਣ ਦੇ ਉਪਾਵਾਂ ਅਤੇ ਸਹੀ ਇਲਾਜ ਬਾਰੇ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਹੋਈ ਮੀਟਿੰਗ ਦੌਰਾਨ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ (ਰਿਟਾ. ਡੀ.ਐੱਸ.ਪੀ.) ਹਰਜਿੰਦਰ ਸਿੰਘ, ਮੀਤ ਸਕੱਤਰ ਗੁਰਮੀਤ ਸਿੰਘ ਗਿੱਲ, ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਬਰਾੜ, ਵਿੱਤ ਸਕੱਤਰ ਪਰਮਜੀਤ ਸਿੰਘ ਪੰਮਾ, ਐਗਜ਼ੀਕਿਊਟਿਵ ਮੈਂਬਰ ਪੰਡਿਤ ਗਗਨ ਮਿਸ਼ਰਾ, ਅਸ਼ੋਕ ਸ਼ਰਮਾ (ਰਿਟਾ. ਏ.ਐੱਸ.ਆਈ.), ਭੁਪਿੰਦਰ ਸਰੀਨ (ਰਿਟਾ. ਐੱਸ.ਆਈ.), ਯੋਗਾ ਅਧਿਆਪਕ ਰਾਧੇ ਸ਼ਾਮ ਅਤੇ ਸੁਭਾਸ਼ ਕਬੂਤਰਾ ਆਦਿ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਵਿਸ਼ਾਲ ਮੈਗਾ ਮੈਡੀਕਲ ਚੈੱਕਅੱਪ ਕੈਂਪ ਲਗਵਾਇਆ

**ਲਹਿਰਾਗਾਗਾ (ਪਵਨ ਸ਼ਰਮਾ)**-ਇਥੇ ਜੀ.ਪੀ ਐੱਫ ਧਰਮਸ਼ਾਲਾ ਵਿਖੇ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ (ਰਜਿ) ਦੇ ਪ੍ਰਧਾਨ ਲਕਸ਼ਮੀਕਾਂਤ ਖੋਖਰ (ਲੱਕੀ), ਜਨਰਲ ਸੈਕਟਰੀ ਪ੍ਰਵੀਨ ਖੋਖਰ, ਕ੍ਰਿਸ਼ਨਾ ਦੇਵੀ (ਅੰਬਾਲਾ) ਅਤੇ ਮੈਡਮ ਪੁਸ਼ਪਾ ਦੇਵੀ (ਬਰਨਾਲਾ) ਵੱਲੋਂ ਆਪਣੇ ਮਰਹੂਮ ਪਿਤਾ ਡਾ. ਦੇਵ ਰਾਜ ਕੌਸ਼ਲ (ਖੋਖਰ) ਨੇਤਰਦਾਨੀ, ਉੱਘੇ ਸਮਾਜ ਸੇਵੀ, ਪਿੰਡ ਖੋਖਰ ਖੁਰਦ ਦੇ ਸਾਬਕਾ ਸਰਪੰਚ, ਪੰਜਾਬ ਪੰਚਾਇਤ ਯੂਨੀਅਨ ਦੇ ਸਾਬਕਾ ਉੱਪ ਪ੍ਰਧਾਨ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸੰਯੁਕਤ ਸਕੱਤਰ ਅਤੇ ਡੀ.ਏ.ਵੀ. ਗਰੁੱਪ ਆਫ ਸਕੂਲਜ਼ ਖਾਈ/ਲਹਿਰਾਗਾਗਾ ਦੇ ਸੰਸਥਾਪਕ, ਆਪਣੀ ਮਾਤਾ ਸਤਿਕਾਰਤ ਸਵਿੱਤਰੀ ਦੇਵੀ ਅਤੇ ਆਪਣੇ ਵੱਡੇ ਭਰਾ ਪ੍ਰਸਿੱਧ ਸਿੱਖਿਆ ਸ਼ਾਸਤਰੀ, ਨੇਤਰਦਾਨੀ ਅਤੇ ਸਮਾਜ ਸੇਵੀ ਮਰਹੂਮ ਡਾ. ਦਰਸ਼ਨ ਕੁਮਾਰ ਖੋਖਰ ਦੀ ਨਿੱਘੀ ਯਾਦ ਨੂੰ ਸਮਰਪਤ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜਿ) ਲਹਿਰਾਗਾਗਾ ਦੇ ਸਹਿਯੋਗ ਨਾਲ ਵਿਸ਼ਾਲ ਮੈਗਾ ਮੈਡੀਕਲ ਚੈੱਕਅਪ ਕੈਂਪ ਲਗਵਾਇਆ ਗਿਆ। ਕੈਂਪ ਦੌਰਾਨ ਤਕਰੀਬਨ 150 ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ। ਇਸ ਮੌਕੇ ਤਿੰਨ ਮਹੀਨੇ ਵਾਲਾ ਸ਼ੂਗਰ ਟੈਸਟ ਅਤੇ



ਯੂਰਿਕ ਐਸਿਡ ਟੈਸਟ ਵੀ ਮੁਫ਼ਤ ਕੀਤੇ ਗਏ। ਕੈਂਪ ਵਿੱਚ ਆਪਣਾ ਚੈੱਕਅਪ ਕਰਵਾਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਸੰਸਥਾ ਅਤੇ ਖੋਖਰ ਪਰਵਾਰ ਦਾ ਧੰਨਵਾਦ ਕੀਤਾ।ਇਸ ਸਮੇਂ ਡੀ.ਏ.ਵੀ. ਸਕੂਲ ਦੇ ਪ੍ਰਬੰਧਕ ਪ੍ਰਵੀਨ ਖੋਖਰ, ਲੱਕੀ ਖੋਖਰ, ਐਡਵੋਕੇਟ ਅਨਿਰੁੱਧ ਕੌਸ਼ਲ ਤੋਂ ਇਲਾਵਾ ਮੈਡਮ ਅਰਪਨਾ ਰਾਣੀ, ਕ੍ਰਿਸ਼ਨਾ ਦੇਵੀ, ਪੁਸ਼ਪਾ ਦੇਵੀ ਅਤੇ ਡਾ. ਭਾਰਤੀ ਨੇ ਕਿਹਾ ਕਿ ਅੱਜ ਮਰਹੂਮ ਪਿਤਾ (ਡਾ. ਦੇਵ ਰਾਜ), ਮਰਹੂਮ ਮਾਤਾ (ਸਤਿਕਾਰਤ ਸਵਿੱਤਰੀ ਦੇਵੀ) ਦੇ ਨਾਲ ਨਾਲ ਵੱਡੇ ਭਰਾ (ਡਾ. ਦਰਸ਼ਨ) ਦੀ ਯਾਦ ਵਿੱਚ ਕੈਂਪ ਲਗਵਾ ਕੇ ਜਿੱਥੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਕੇ ਸ਼ਰਧਾਂਜਲੀ ਦੇਣਾ ਸੀ, ਉਥੇ ਇਲਾਕੇ ਦੇ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋਏ ਰੋਗੀਆਂ ਦਾ ਚੈੱਕਅਪ ਕਰਵਾ ਦੇ ਉਨ੍ਹਾਂ ਦੀ ਸੇਵਾ ਕਰਨ ਦਾ ਮਨੋਰਥ ਵੀ ਸੀ।

ਇਸ ਸਮੇਂ ਸੰਸਥਾ ਦੇ ਆਗੂ ਗੌਰਵ ਵਿਕੀ ਸੰਸਥਾ ਦੇ ਪ੍ਰਧਾਨ ਸੁਰਿੰਦਰ ਗਰਗ ਚੇਅਰਮੈਨ ਸੁਰੇਸ਼ ਠੇਕੇਦਾਰ, ਤਰਸੇਮ ਚੰਦ ਸਿੰਗਲਾ (ਖੱਦਰ ਭੰਡਾਰ, ਰਮੇਸ਼ ਕੱਪੜੇ ਵਾਲੇ, ਰਾਜ ਕੁਮਾਰ, ਸੰਜੀਵ ਰੋਡਾ, ਸੀਸ਼ ਪਾਲ, ਜਗਸੀਰ ਜਵਾਹਰਲਾ, ਕ੍ਰਿਸ਼ਨ ਸਿੰਗਲਾ, ਸੁਭਾਸ਼ ਗਾਗਾ, ਸੁਰੇਸ਼ ਪੱਪਾ ਨੇ ਕਿਹਾ ਕਿ ਖੋਖਰ ਪਰਵਾਰ ਵੱਲੋਂ ਆਪਣੇ ਪਿਤਾ ਦੇ ਨਾਲ ਨਾਲ ਹੋਰਨਾਂ ਪਰਵਾਰਕ ਮੈਂਬਰਾਂ ਦੀ ਯਾਦ ਵਿੱਚ ਲਗਵਾਏ ਇਸ ਕੈਂਪ ਦੇ ਉਦਮ ਦੀ ਭਰਵੀਂ ਪ੍ਰਸੰਸਾ ਕਰਦੇ ਹੋਏ ਪਰਵਾਰ ਵੱਲੋਂ ਦੋ ਕੈਂਪ ਲਗਵਾਉਣ ਦੇ ਫੈਸਲਾ ਦਾ ਧੰਨਵਾਦ ਵੀ ਕੀਤਾ।

# ਰਾਜ ਪੁਰਸਕਾਰ ਤੇ ਹਾਈਕਿੰਗ-ਟਰੈਕਿੰਗ ਕੈਂਪ 'ਚ ਆਰ ਐੱਸ ਡੀ ਦਾ ਸ਼ਾਨਦਾਰ ਪ੍ਰਦਰਸ਼ਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਜ ਪ੍ਰਸ਼ਿਕਸ਼ਣ ਕੇਂਦਰ ਤਾਰਾਦੇਵੀ (ਸ਼ਿਮਲਾ) ਵਿਖੇ ਰਾਜ ਪੁਰਸਕਾਰ ਤੇ ਹਾਈਕਿੰਗ-ਟਰੈਕਿੰਗ ਕੈਂਪ ਵਿੱਚ ਆਰਐੱਸਡੀ ਰਾਜ ਰਤਨ ਪਬਲਿਕ ਸਕੂਲ ਦੇ 17 ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਫਲਤਾਪੂਰਵਕ ਪ੍ਰੀਖਿਆ ਪਾਸ ਕੀਤੀ ਤੇ ਰਾਜ ਪੁਰਸਕਾਰ ਸਰਟੀਫਿਕੇਟ ਪ੍ਰਾਪਤ ਕੀਤਾ। ਇਸ ਕੈਂਪ ਵਿੱਚ ਫਿਰੋਜ਼ਪੁਰ ਦੇ ਕੁੱਲ ਪੰਜ ਸਕੂਲਾਂ ਨੇ ਭਾਗ ਲਿਆ। ਕੈਂਪ ਦੌਰਾਨ ਵਿਦਿਆਰਥੀਆਂ ਨੇ ਸਕਾਊਟ-ਗਾਈਡ ਗਤੀਵਿਧੀਆਂ, ਹਾਈਕਿੰਗ, ਟਰੈਕਿੰਗ ਤੇ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।

ਉਨ੍ਹਾਂ ਆਪਣੀ ਪ੍ਰਤਿਭਾ, ਅਨੁਸ਼ਾਸਨ, ਸਾਹਸ, ਟੀਮ ਭਾਵਨਾ ਤੇ ਲੀਡਰਸ਼ਿਪ ਯੋਗਤਾਵਾਂ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਦਾ ਸੰਚਾਲਨ ਤੇ ਮਾਰਗਦਰਸ਼ਨ ਐੱਸਓਸੀ ਓਂਕਾਰ ਸਿੰਘ, ਏਐੱਸਓਸੀ ਮਨਜੀਤ ਕੌਰ, ਡੀਓਸੀ ਨਿਰਲੇਪ ਕੌਰ (ਮਾਨਸਾ), ਡੀਓਸੀ ਚਰਨਜੀਤ ਸਿੰਘ ਫਿਰੋਜ਼ਪੁਰ ਤੇ ਜਸਵਿੰਦਰ ਸਿੰਘ ਵੱਲੋਂ ਕੀਤਾ ਗਿਆ। ਸਾਰੇ ਅਧਿਕਾਰੀਆਂ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਕੂਲ ਦੀ ਗਾਈਡ ਕੈਪਟਨ



ਵੀਰਪਾਲ ਕੌਰ ਤੇ ਸਕਾਊਟ ਮਾਸਟਰ ਸੰਦੀਪ ਨੇ ਵਿਦਿਆਰਥੀਆਂ ਨੂੰ ਕੈਂਪ ਦੀਆਂ ਗਤੀਵਿਧੀਆਂ ਵਿਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਤੇ ਪੂਰੇ ਕੈਂਪ ਦੌਰਾਨ ਉਨ੍ਹਾਂ ਦੀ ਰਹਿਨੁਮਾਈ ਕੀਤੀ। ਸਕੂਲ ਦੇ ਪ੍ਰਧਾਨ ਐੱਸਸੀ ਸਾਂਵਲਕਾ, ਸਕੱਤਰ ਰਜਨੀਸ਼ ਸਾਂਵਲਕਾ, ਡਾਇਰੈਕਟਰ ਐੱਸਪੀ ਆਨੰਦ ਤੇ ਪ੍ਰਿੰਸੀਪਲ ਡਾ. ਪ੍ਰਵੀਨ ਔਲ ਨੇ ਇਸ ਉਪਲਬੱਧੀ 'ਤੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹਾਰਦਿਕ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਸਿਖਲਾਈ ਕੈਂਪ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ, ਲੀਡਰਸ਼ਿਪ ਯੋਗਤਾ ਤੇ ਰਾਸ਼ਟਰ ਸੇਵਾ ਦੀ ਭਾਵਨਾ ਨੂੰ ਵਿਕਸਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਨਵੀਆਂ ਉੱਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕਰਦੇ ਹਨ।

# ਸ਼ਹੀਦਾਂ ਦੀ ਯਾਦ 'ਚ ਲਗਾਇਆ ਦਸਤਾਰ ਦੁਮਾਲਾ ਸਿਖਲਾਈ ਕੈਂਪ

**ਮੱਖੂ (ਰਛਪਾਲ ਸਿੰਘ ਸੰਧੂ)**-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਜੂਨ 1984 ਵਿੱਚ ਵਾਪਰੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਮੂਹ ਸਿੰਘਾਂ ਸਿੰਘਣੀਆਂ, ਭੁਝੰਗੀਆਂ ਦੀ ਸ਼ਹਾਦਤ ਨੂੰ ਮਨਾਉਂਦਿਆਂ 7 ਰੋਜ਼ਾ ਦਸਤਾਰ, ਦੁਮਾਲਾ ਸਿਖਲਾਈ ਕੈਂਪ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੀਰ ਮੁਹੰਮਦ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਦੀ ਸਮਾਪਤੀ ਦੌਰਾਨ ਬੱਚਿਆਂ ਦੇ ਦਸਤਾਰ ਦੁਮਾਲਾ ਅਤੇ ਸ਼ੁੱਧ ਪੰਜਾਬੀ ਲਿਖਾਈ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਅਤੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਦਸਤਾਰ ਦੁਮਾਲਾ ਮੁਕਾਬਲੇ ਦੇ ਦੋ ਗਰੁੱਪ ਅਤੇ ਸ਼ੁੱਧ ਪੰਜਾਬੀ ਲਿਖਾਈ ਮੁਕਾਬਲੇ ਦੇ ਦੋ ਗਰੁੱਪ ਬਣਾਏ ਗਏ। ਹਰੇਕ ਗਰੁੱਪ ਵਿੱਚੋਂ ਪਹਿਲੇ, ਦੂਸਰੇ, ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਅਤੇ ਭਾਗ ਲੈਣ ਵਾਲੇ ਲੜਕੇ ਲੜਕੀਆਂ ਨੂੰ ਸ਼ੀਲਡਾਂ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸੋਸਾਇਟੀ ਵੱਲੋਂ ਉਚੇਚੇ ਤੌਰ 'ਤੇ ਪਹੁੰਚੇ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਅਤੇ ਮਾਲਵਾ ਜ਼ੋਨ ਦੇ ਇੰਚਾਰਜ ਵੀਰ ਨਿੰਦਰਪਾਲ ਸਿੰਘ ਨੇ ਕਿਹਾ ਕਿ ਦੁਨੀਆ ਵਿੱਚ ਜਿਹੜੀਆਂ ਕੌਮਾਂ ਸਦੀਵੀ ਕਾਲ ਲਈ ਸਥਾਪਿਤ



ਰਹਿੰਦੀਆਂ ਹਨ, ਉਨ੍ਹਾਂ ਦੇ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ ਅਤੇ ਆਪਣੇ ਗੌਰਵਮਈ ਵਿਰਸੇ ਨਾਲ ਜੁੜੇ ਹੁੰਦੇ ਹਨ। ਪਰ ਸਮੇਂ ਦੀ ਸਰਕਾਰ ਜਿਹੜਾ ਕੰਮ ਸਾਨੂੰ ਸਰੀਰਕ ਤੌਰ 'ਤੇ ਖਤਮ ਕਰਕੇ ਨਹੀਂ ਕਰ ਸਕੀ ਅੱਜ ਉਹ ਕੰਮ ਅਦਰੂਨੀ ਤੌਰ ਉੱਤੇ ਕਰਕੇ ਸਾਡੀਆਂ ਜੜ੍ਹਾਂ ਨੂੰ ਖੋਖਲਾ ਕਰਨ ਵਿੱਚ ਕਾਮਯਾਬ ਹੋ ਰਹੀ ਹੈ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਖਜ਼ਾਨਚੀ ਭਾਈ ਗੁਰਜੰਟ ਸਿੰਘ ਭਿੱਖੀਵਿੰਡ ਨੇ ਕੈਂਪ ਨੂੰ ਸਫਲ ਬਣਾਉਣ ਵਾਲੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੁਰਚਰਨ ਸਿੰਘ, ਕਿਸਾਨ ਸੰਘਰਸ਼ ਕਮੇਟੀ ਰਾਜੇਵਾਲ ਦੇ ਪ੍ਰਧਾਨ ਲਖਵਿੰਦਰ ਸਿੰਘ, ਲਿਖਾਰੀ ਸਭਾ ਦੇ ਪ੍ਰਧਾਨ ਹਰਪਿੰਦਰ ਸਿੰਘ, ਗੁਰਦੁਆਰਾ ਸਾਹਿਬ ਦੀ ਹੈਡ ਗ੍ਰੰਥੀ ਭਾਈ ਬਲਰਾਜ ਸਿੰਘ ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਸਰਮੇਲ ਸਿੰਘ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਨਿਸ਼ਕਾਮ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਇਨ੍ਹਾਂ ਕਾਰਜਾਂ ਵਿੱਚ ਹਰੇਕ ਪੱਖ ਤੋਂ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਰਹੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਸੁਸਾਇਟੀ ਦੇ ਸਮੂਹ ਵੀਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੋਸਾਇਟੀ ਦੇ ਦਸਤਾਰ ਕੋਆਰਡੀਨੇਟਰ ਹਰਜੀਤ ਸਿੰਘ ਲਹਿਰੀ, ਹਰਪ੍ਰੀਤ ਸਿੰਘ ਪੱਟੀ, ਆਕਾਸ਼ਦੀਪ ਸਿੰਘ ਪੱਟੀ, ਵਜ਼ੀਰ ਸਿੰਘ ਹਾਸਲ, ਹਰਮਨਦੀਪ ਸਿੰਘ, ਸੁਖਮਨਦੀਪ ਸਿੰਘ, ਹੁਸਨਦੀਪ ਸਿੰਘ, ਗਗਨਦੀਪ ਸਿੰਘ ਭਿੱਖੀਵਿੰਡ, ਸਾਜਨਪਰੀਤ ਸਿੰਘ ਮਰਗਿੰਦਪੁਰਾ, ਰਣਬੀਰ ਸਿੰਘ ਬੀਰਮ, ਉੱਘੇ ਕਵੀਸ਼ਰ ਅਤੇ ਲਿਖਾਰੀ ਭਾਈ ਲਖਬੀਰ ਸਿੰਘ ਰਸੂਲਪੁਰੀ ਤੇ ਗੁਰਦੁਆਰਾ ਨਾਨਕ ਦਰਬਾਰ ਰਸੂਲਪੁਰ ਫਾਟਕ ਦੇ ਹੈਡ ਗ੍ਰੰਥੀ ਹਾਜ਼ਰ ਸਨ।ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਫਲ ਫਰੂਟ ਦਾ ਲੰਗਰ ਲਗਾਇਆ ਗਿਆ।

# ਜਲ ਸਰੋਤ ਮੰਤਰੀ ਗੋਇਲ ਵੱਲੋਂ 13 ਕਰੋੜ ਦੇ ਸਿੰਚਾਈ ਪ੍ਰਾਜੈਕਟਾਂ ਦੀ ਸ਼ੁਰੂਆਤ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅਮਰਗੜ੍ਹ ਵਿਧਾਨ ਸਭਾ ਹਲਕੇ ਦੇ ਪਿੰਡ ਮਾਣਕ ਮਾਜਰਾ ਤੇ ਦਹਿਲੀਜ਼ ਖ਼ੁਰਦ ਵਿਖੇ 13 ਕਰੋੜ ਰੁਪਏ ਦੇ ਸਿੰਚਾਈ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੀ ਮੌਜੂਦ ਰਹੇ।ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਇਲਾਕੇ ਦੇ 3,832 ਏਕੜ ਤੋਂ ਵੱਧ ਖੇਤੀਯੋਗ ਰਕਬੇ ਨੂੰ ਪਹਿਲੀ ਵਾਰ ਸਿੰਚਾਈ ਲਈ ਨਹਿਰੀ ਪਾਣੀ ਮਿਲੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਨੂੰ ਬਿਹਤਰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਉਣ ਤੇ ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਟੀਚਾ ਨਹਿਰੀ ਪਾਣੀ ਦੀ ਹਰ ਬੂੰਦ ਨੂੰ ਟੇਲਾਂ ਤੱਕ ਪਹੁੰਚਾ ਕੇ ਪਾਣੀ, ਪੰਜਾਬ ਤੇ ਪੰਜਾਬੀਅਤ ਨੂੰ ਸੁਰੱਖਿਅਤ ਕਰਨਾ ਤੇ ਨਸ਼ਿਆਂ ਤੋਂ ਜਵਾਨੀ ਨੂੰ ਬਚਾ ਕੇ 'ਰੰਗਲਾ ਪੰਜਾਬ' ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਾਣੀਆਂ ਦੇ ਮੁੱਦੇ 'ਤੇ ਸਿਰਫ਼ ਰਾਜਨੀਤੀ ਕੀਤੀ ਤੇ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਰਾਖੀ ਕਰਨ ਵਿੱਚ ਅਸਫ਼ਲ ਰਹੀਆਂ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਸੂਬੇ ਦੇ ਪਾਣੀਆਂ ਦੀ ਰਾਖੀ ਕਰਨ ਦੇ ਨਾਲ-ਨਾਲ ਨਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕੇ ਹਨ ਤਾਂ ਜੋ ਕਿਸਾਨਾਂ ਨੂੰ ਲੰਬੇ ਸਮੇਂ ਲਈ ਭਰੋਸੇਯੋਗ ਸਿੰਚਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

### ■ 3832 ਏਕੜ ਖੇਤੀਯੋਗ ਰਕਬੇ ਨੂੰ ਪਹਿਲੀ ਵਾਰ ਮਿਲੇਗਾ ਨਹਿਰੀ ਪਾਣੀ



ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੇ ਵਿਕਾਸ ਤੇ ਲੋਕ ਭਲਾਈ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਨਹਿਰੀ ਢਾਂਚੇ ਦੇ ਆਧੁਨਿਕੀਕਰਨ ਰਾਹੀਂ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਾਕਿਬ ਅਲੀ ਰਾਜਾ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮਾਲੇਰਕੋਟਲਾ ਰਘਬੀਰ ਸਿੰਘ ਚੌਂਦਾ, ਚੇਅਰਮੈਨ ਮਾਰਕੀਟ ਕਮੇਟੀ ਅਮਰਗੜ੍ਹ ਹਰਪ੍ਰੀਤ ਸਿੰਘ ਨੰਗਲ, ਚੇਅਰਮੈਨ ਪੰਜਾਬ ਹੱਜ ਕਮੇਟੀ ਹਾਸ਼ਿਮ ਸੂਫ਼ੀ, ਆਮ ਆਦਮੀ ਪਾਰਟੀ ਆਗੂ ਕੇਵਲ ਸਿੰਘ ਜਾਗੋਵਾਲ, ਸਹਾਇਕ ਕਮਿਸ਼ਨਰ ਮਨਦੀਪ ਕੌਰ, ਡੀ.ਐਸ.ਪੀ. ਸੰਜੀਵ ਕਪੂਰ, ਐਕਸੀਅਨ ਹਰਮਨਿੰਦਰ ਸਿੰਘ, ਐਕਸੀਅਨ ਸੰਗਰੂਰ ਅਤਿੰਦਰਪਾਲ ਸਿੰਘ ਸਿੱਧੂ, ਐਕਸੀਅਨ ਦਮਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕਾ ਨਿਵਾਸੀ ਮੌਜੂਦ ਸਨ।

